ਸਭ ਤੋਂ ਵਧੀਆ ਵਿਦਿਆਰਥੀ





ਪਾਂਡਵਾਂ ਅਤੇ ਕੌਰਵਾਂ ਨੇ ਯੁੱਧ ਦੀਆਂ ਕਲਾਵਾਂ ਵਿੱਚ ਮਹਾਰਤ ਹਾਸਲ ਕੀਤੀ ਸੀ। ਦ੍ਰੋਣਾਚਾਰਜ ਉਨ੍ਹਾਂ ਦੇ ਗੁਰੂ ਸਨ।

ਉਸ ਸਮੇਂ ਯੁੱਧ ਦੀਆਂ ਕਲਾਵਾਂ ਵਿੱਚ ਸਭ ਤੋਂ ਮਹੱਤਵਪੂਰਨ ਕਲਾ ਤੀਰਅੰਦਾਜ਼ੀ ਸੀ। ਪਾਂਡਵਾਂ ਵਿੱਚੋਂ ਸਭ ਤੋਂ ਵਧੀਆ ਤੀਰਅੰਦਾਜ਼ ਅਰਜੁਨ ਸੀ।

ਅਰਜੁਨ ਇਸ ਕਲਾ ਨਾਲ ਬਹੁਤ ਸਮਰਪਿਤ ਸੀ। ਉਹ ਬਿਨਾ ਥੱਕੇ ਅਭਿਆਸ ਕਰਦਾ ਰਹਿੰਦਾ ਸੀ। ਇਸ ਕਾਰਨ ਉਹ ਹੋਰ ਸਭ ਤੋਂ ਅੱਗੇ ਨਿਕਲ ਗਿਆ। ਉਹ ਦ੍ਰੋਣਾਚਾਰਜ ਦਾ ਸਭ ਤੋਂ ਵਧੀਆ ਵਿਦਿਆਰਥੀ ਸੀ।



ਅਰਜੁਨ ਦੀ ਲਗਨ ਨੇ ਦ੍ਰੋਣਾਚਾਰਜ ਨੂੰ ਬਹੁਤ ਪ੍ਰਭਾਵਿਤ ਕੀਤਾ। ਉਸ ਨੇ ਉਸ ਨੂੰ ਵੱਖਰੇ ਤੌਰ 'ਤੇ ਹੋਰ ਵਿਦਿਆਰਥੀਆਂ ਨਾਲੋਂ ਅਲੱਗ ਰੱਖ ਕੇ ਵਾਧੂ ਪਾਠ ਸਿਖਾਏ।

ਕੌਰਵ ਭਰਾਵਾਂ ਨੂੰ ਇਹ ਬਿਲਕੁਲ ਵੀ ਚੰਗਾ ਨਹੀਂ ਲੱਗਿਆ! ਉਹ ਅਰਜੁਨ ਨੂੰ ਈਰਖਾ ਨਾਲ ਦੇਖਦੇ ਰਹਿੰਦੇ ਸਨ।

ਇੱਕ ਦਿਨ ਦ੍ਰੋਣਾਚਾਰਜ ਨੇ ਆਪਣੇ ਵਿਦਿਆਰਥੀਆਂ ਦੀ ਪਰਖ ਕਰਨ ਦਾ ਫੈਸਲਾ ਕੀਤਾ। ਉਸ ਨੇ ਇੱਕ ਉੱਚੀ ਟਾਹਣੀ ਤੇ ਲੱਕੜ ਦਾ ਨਿਸ਼ਾਨਾ ਟੰਗ ਦਿੱਤਾ। ਉਹ ਨਿਸ਼ਾਨਾ ਪੰਛੀ ਦੇ ਆਕਾਰ ਵਿੱਚ ਬਣਾਇਆ ਅਤੇ ਰੰਗਿਆ ਹੋਇਆ ਸੀ।





"ਵਿਦਿਆਰਥੀਓ!" ਦ੍ਰੋਣਾਚਾਰਜ ਨੇ ਉਨ੍ਹਾਂ ਨੂੰ ਬੁਲਾਇਆ।

ਜਦੋਂ ਸਾਰੇ ਇਕੱਠੇ ਹੋ ਗਏ, ਉਸ ਨੇ ਕਿਹਾ, "ਲੱਕੜ ਦੇ ਪੰਛੀ ਨੂੰ ਦੇਖੋ। ਇਹ ਤੁਹਾਡਾ ਨਿਸ਼ਾਨਾ ਹੈ। ਇਸਨੂੰ ਧਿਆਨ ਨਾਲ ਵੇਖੋ ਅਤੇ ਚੰਗੀ ਤਰ੍ਹਾਂ ਨਿਸ਼ਾਨਾ ਲਗਾਓ! ਤੁਹਾਡਾ ਤੀਰ ਪੰਛੀ ਦੀ ਅੱਖ ਵਿੱਚ ਲੱਗਣਾ ਚਾਹੀਦਾ ਹੈ।



ਪਾਂਡਵ ਅਤੇ ਕੌਰਵ ਬੁਲਾਏ ਜਾਣ ਲਈ ਤਿਆਰ ਖੜ੍ਹੇ ਸਨ। ਸਭ ਤੋਂ ਪਹਿਲਾਂ ਦ੍ਰੋਣਾਚਾਰਜ ਨੇ ਯੁਧਿਸ਼ਠਰ ਨੂੰ ਬੁਲਾਇਆ।



ਯੁਧਿਸ਼ਠਰ ਨੇ ਨਿਸ਼ਾਨੇ ਵੱਲ ਧਿਆਨ ਲਾਇਆ। ਉਸ ਨੇ ਆਪਣਾ ਤੀਰ ਤਿਆਰ ਕੀਤਾ। ਅਚਾਨਕ ਦ੍ਰੋਣਾਚਾਰਜ ਦੀ ਤੇਜ਼ ਆਵਾਜ਼ ਆਈ, "ਯੁਧਿਸ਼ਠਰ !"

ਲੜਕਾ ਰੁਕ ਗਿਆ। "ਤੈਨੂੰ ਕੀ ਦਿਖਾਈ ਦਿੰਦਾ ਹੈ?" ਸਵਾਲ ਆਇਆ।

"ਹੇ ਗੁਰੂ ਜੀ!"ਯੁਧਿਸ਼ਠਰ ਨੇ ਜਵਾਬ ਦਿੱਤਾ, "ਮੈਨੂੰ ਤੁਸੀਂ ਦਿਖਾਈ ਦਿੰਦੇ ਹੋ। ਮੈਨੂੰ ਰੁੱਖ ਦਿਖਾਈ ਦਿੰਦਾ ਹੈ। ਮੈਨੂੰ ਪੱਤੇ ਦਿਖਾਈ ਦਿੰਦੇ ਹਨ। ਮੈਨੂੰ ਪੰਛੀ ਵੀ ਦਿਖਾਈ ਦਿੰਦਾ ਹੈ," ਉਸ ਨੇ ਕਿਹਾ।

"ਪਾਸੇ ਹੋ ਜਾ, ਯੁਧਿਸ਼ਠਰ !" ਦ੍ਰੋਣਾਚਾਰਜ ਨੇ ਕਿਹਾ। "ਤੂੰ ਨਿਸ਼ਾਨੇ ਨੂੰ ਠੀਕ ਤਰ੍ਹਾਂ ਨਹੀਂ ਦੇਖ ਰਿਹਾ। ਤੂੰ ਆਪਣੇ ਨਿਸ਼ਾਨੇ ਤੋਂ ਚੁੱਕ ਜਾਵੇਂਗਾ।"

ਫਿਰ ਦੁਰਯੋਧਨ ਦੀ ਵਾਰੀ ਆਈ। ਦ੍ਰੋਣ ਨੇ ਉਸ ਨੂੰ ਵੀ ਉਹੀ ਸਵਾਲ ਪੁੱਛਿਆ। ਦੁਰਯੋਧਨ ਨੇ ਕਿਹਾ, "ਹੇ ਗੁਰੂ ਜੀ! ਮੈਨੂੰ ਤੁਸੀਂ ਵੀ ਦਿਖਾਈ ਦਿੰਦੇ ਹੋ ਅਤੇ ਹੋਰ ਵਿਦਿਆਰਥੀ ਵੀ! ਮੈਨੂੰ ਰੁੱਖ, ਟਾਹਣੀਆਂ ਅਤੇ ਪੱਤੇ ਵੀ ਦਿਖਾਈ ਦਿੰਦੇ ਹਨ! ਅਤੇ ਮੈਨੂੰ ਪੰਛੀ ਵੀ ਦਿਖਾਈ ਦਿੰਦਾ ਹੈ! ਮੇਰੀਆਂ ਅੱਖਾਂ ਨੂੰ ਬਹੁਤ ਕੁਝ ਦਿਖਾਈ ਦੇ ਰਿਹਾ ਹੈ!" ਉਸ ਨੇ ਗਰਵ ਨਾਲ ਕਿਹਾ।



"ਤੂੰ ਆਪਣੇ ਨਿਸ਼ਾਨੇ ਤੋਂ ਚੁੱਕ ਜਾਵੇਂਗਾ, ਦੁਰਯੋਧਨ!" ਜਵਾਬ ਆਇਆ।

ਭੀਮ, ਨਕੁਲ, ਸਹਦੇਵ ਅਤੇ ਹੋਰਾਂ ਦੀਆਂ ਵਾਰੀਆਂ ਵੀ ਇਸੇ ਤਰ੍ਹਾਂ ਲੰਘ ਗਈਆਂ।

ਅੰਤ ਵਿੱਚ ਅਰਜੁਨ ਦੀ ਵਾਰੀ ਆਈ। ਉਸ ਨੇ ਆਪਣਾ ਤੀਰ ਤਿਆਰ ਕੀਤਾ। ਉਹ ਹੋਰ ਸਭ ਕੁਝ ਭੁੱਲ ਗਿਆ। ਉਹ ਆਪਣੇ ਆਪ ਨੂੰ ਵੀ ਭੁੱਲ ਗਿਆ। ਉਸ ਦਾ ਸਾਰਾ ਧਿਆਨ ਲੱਕੜ ਦੇ ਪੰਛੀ 'ਤੇ ਕੇਂਦ੍ਰਿਤ ਸੀ।

ਦ੍ਰੋਣਾਚਾਰਜ ਨੇ ਉਸ ਨੂੰ ਪੁੱਛਿਆ, "ਅਰਜੁਨ, ਤੈਨੂੰ ਕੀ ਦਿਖਾਈ ਦਿੰਦਾ ਹੈ?"

"ਪੰਛੀ ਦੀ ਅੱਖ, ਹੇ ਗੁਰੂ ਜੀ," ਅਰਜੁਨ ਨੇ ਕਿਹਾ। "ਮੈਨੂੰ ਸਿਰਫ਼ ਉਹੀ ਦਿਖਾਈ ਦਿੰਦਾ ਹੈ।"

ਦ੍ਰੋਣਾਚਾਰਜ ਸਮਝ ਗਿਆ ਕਿ ਅਰਜੁਨ ਦਾ ਧਿਆਨ ਨਿਸ਼ਾਨੇ 'ਤੇ ਪੂਰੀ ਤਰ੍ਹਾਂ ਕੇਂਦ੍ਰਿਤ ਹੈ। ਇਸ ਲਈ ਉਸ ਨੇ ਕਿਹਾ, "ਆਪਣਾ ਤੀਰ ਛੱਡੋ।"

ਅਰਜੁਨ ਨੇ ਤੀਰ ਮਾਰਿਆ। ਤੀਰ ਸਿੱਧਾ ਜਾ ਕੇ ਪੰਛੀ ਦੀ ਅੱਖ ਵਿਚ ਲੱਗਿਆ।

Publisher Rajalakshmi Srinivasan Memorial Foundation

P. Saraswati V. Vijayakanthi

L. S. Saraswathi S. Rajalakshmi

Punjabi Ramanpreet Kaur

Artist Uma Krishnaswamy

ਹਾਥੀ ਦਾ ਭਾਰ



ਇੱਕ ਦਿਨ ਇੱਕ ਅਮੀਰ ਆਦਮੀ ਨੇ ਫੈਸਲਾ ਕੀਤਾ ਕਿ ਉਹ ਆਪਣੇ ਮਨਪਸੰਦ ਹਾਥੀ ਦਾ ਭਾਰ ਮਾਪੇਗਾ। ਪਰ ਕਿਵੇਂ? ਉਸ ਨੇ ਪਿੰਡ ਦੇ ਲੋਕਾਂ ਤੋਂ ਸੁਝਾਅ ਮੰਗੇ। ਇਕ ਨੇ ਕਿਹਾ, "ਸਾਨੂੰ ਇੱਕ ਵੱਡਾ ਤੋਲਣ ਦਾ ਯੰਤਰ ਲਿਆਉਣਾ ਚਾਹੀਦਾ ਹੈ!"

ਪਰ ਹੋਰਾਂ ਨੇ ਉਸ ਤੋਂ ਪੁੱਛਿਆ, "ਇੱਕ ਹਾਥੀ ਤੋਲਣ ਲਈ ਕਿਸ ਦੇ ਕੋਲ ਇੰਨਾ ਵੱਡਾ ਤੋਲਣ ਵਾਲਾ ਯੰਤਰ ਹੈ?"

"ਮੈਨੂੰ ਪਤਾ!" ਦੂਜੇ ਨੇ ਕਿਹਾ। "ਸਾਨੂੰ ਹਾਥੀ ਨੂੰ ਟੁਕੜਿਆਂ ਵਿੱਚ ਕੱਟ ਕੇ ਹਰ ਟੁਕੜਾ ਅਲੱਗ-ਅਲੱਗ ਤੋਲਣਾ ਚਾਹੀਦਾ ਹੈ।" ਕੀ ਭਿਆਨਕ ਸੁਝਾਅ ਸੀ! ਪਰ ਕਿਸੇ ਕੋਲ ਇਸ ਤੋਂ ਵਧੀਆ ਸੋਚ ਨਹੀਂ ਸੀ। ਇਸ ਲਈ ਸਭ ਲੋਕ ਆਪਣਾ ਕੰਮ ਕਰਦੇ ਰਹੇ।

ਇੱਕ **ਜ**ਗਿਆਸੂ ਬੱਚਾ ਸਾਰੇ ਵੱਡਿਆਂ ਦੀ ਗੱਲ ਧਿਆਨ ਨਾਲ ਸੁਣ ਰਿਹਾ ਸੀ। ਉਹ ਸੋਚ ਰਿਹਾ ਸੀ, "ਹਾਥੀ ਦਾ ਭਾਰ ਕਿਵੇਂ ਮਾਪਿਆ ਜਾਵੇਗਾ?"


"ਇਹ ਅਸੰਭਵ ਹੈ!" ਪਰ ਇਹ ਸਮੱਸਿਆ ਉਸ ਦੇ ਮਨ ਵਿੱਚ ਅੜੀ ਹੋਈ ਸੀ। ਉਹ ਇਸ ਬਾਰੇ ਸੋਚਣ ਤੋਂ ਰੁਕ ਨਹੀਂ ਸਕਿਆ।

ਇਸ ਬੱਚੇ ਨੂੰ ਦਰਿਆ ਦੇ ਕਿਨਾਰੇ ਬੈਠਣਾ ਬਹੁਤ ਪਸੰਦ ਸੀ ਅਤੇ ਉਹ ਸਾਰੀਆਂ ਕਿਸ਼ਤੀਆਂ ਨੂੰ ਆਉਂਦੇ-ਜਾਂਦੇ ਦੇਖਦਾ ਰਹਿੰਦਾ।

ਇੱਕ ਦਿਨ ਉਸਨੇ ਇੱਕ ਕਿਸ਼ਤੀ ਨੂੰ ਪਾਣੀ ਵਿੱਚ ਬਹੁਤ ਨੀਵੀਂ ਬੈਠੀ ਦੇਖਿਆ। ਕਿਸ਼ਤੀ ਦੇ ਕਿਨਾਰਿਆਂ ਦੇ ਨਾਲ ਲਹਿਰਾਂ ਉੱਚੀ-ਉੱਚੀ ਵੱਜ ਰਹੀਆਂ ਸਨ।


ਅਚਾਨਕ ਮੁੰਡਾ ਉਛਲ ਕੇ ਖੜ੍ਹਾ ਹੋ ਗਿਆ ਅਤੇ ਅਮੀਰ ਆਦਮੀ ਦੇ ਘਰ ਵੱਲ ਭੱਜਿਆ। "ਮੈਂ ਤੁਹਾਨੂੰ ਦਿਖਾ ਸਕਦਾ ਹਾਂ ਕਿ ਤੁਹਾਡੇ ਹਾਥੀ ਦਾ ਭਾਰ ਕਿੰਨਾ ਹੈ!" ਉਸਨੇ ਉਸਨੂੰ ਕਿਹਾ , ਅਤੇ ਉਸਨੇ ਉਸਨੂੰ ਹਾਥੀ ਨੂੰ ਨਦੀ ਦੇ ਕੰਢੇ ਲਿਆਉਣ ਲਈ ਕਿਹਾ।

ਸਾਰੇ ਪਿੰਡ ਵਾਲੇ ਆਲੇ-ਦੁਆਲੇ ਇਕੱਠੇ ਹੋ ਗਏ। ਮੁੰਡੇ ਨੇ ਨਿਰਦੇਸ਼ ਦੇਣੇ ਸ਼ੁਰੂ ਕਰ ਦਿੱਤੇ। "ਸਾਨੂੰ ਇੱਕ ਮਜ਼ਬੂਤ ਕਿਸ਼ਤੀ ਚਾਹੀਦੀ ਹੈ!" ਉਸਨੇ ਕਿਹਾ। ਇੱਕ ਕਿਸ਼ਤੀ ਲਿਆਂਦੀ ਗਈ। "ਹੁਣ, ਹਾਥੀ ਨੂੰ ਕਿਸ਼ਤੀ ਵਿੱਚ ਚੜ੍ਹਨਾ ਚਾਹੀਦਾ ਹੈ!" ਜਦੋਂ ਹਾਥੀ ਕਿਸ਼ਤੀ ਵਿੱਚ ਚੜ੍ਹਿਆ ਤਾਂ ਕਿਸ਼ਤੀ ਪਾਣੀ ਵਿੱਚ ਹੋਰ ਨੀਵੀਂ ਹੋ ਗਈ।



"ਮੁੰਡੇ ਨੇ ਇੱਕ ਮਾਰਕਰ ਲਿਆ ਜੋ ਉਹ ਘਰੋਂ ਲਿਆਇਆ ਸੀ। ਉਸਨੇ ਕਿਸ਼ਤੀ ਦੇ ਪਾਸੇ 'ਤੇ ਉੱਥੇ ਇੱਕ ਲਾਈਨ ਖਿੱਚੀ ਜਿੱਥੇ ਪਾਣੀ ਦੀ ਸਤਹ ਉਸਨੂੰ ਛੂਹ ਰਹੀ ਸੀ। ਹੁਣ, ਹਾਥੀ ਨੂੰ ਕਿਸ਼ਤੀ ਵਿੱਚੋਂ ਬਾਹਰ ਕੱਢੋ! ਉਸਨੇ ਨਿਰਦੇਸ਼ ਦਿੱਤਾ। ਜਲਦੀ ਹੀ ਹਾਥੀ ਕੰਢੇ 'ਤੇ ਸੁਰੱਖਿਅਤ ਖੜ੍ਹਾ ਸੀ। ਅਤੇ ਕਿਸ਼ਤੀ ਪਾਣੀ ਵਿੱਚ ਉੱਪਰ ਉੱਠ ਗਈ ਸੀ!

ਪਾਸੇ ਵਾਲੀ ਲਾਈਨ ਸਾਫ਼ ਦਿਖਾਈ ਦੇ ਰਹੀ ਸੀ! ਹੁਣ ਕਿਸ਼ਤੀ ਵਿੱਚ ਕੁਝ ਪੱਥਰ ਰੱਖੇ ਜਾਣ! ਅਗਲਾ ਹੁਕਮ ਸੀ।"





"ਕਿਸ਼ਤੀ ਵਿੱਚ ਉਦੋਂ ਤੱਕ ਪੱਥਰ ਭਰਦੇ ਰਹੋ ਜਦੋਂ ਤੱਕ ਉਹ ਪਹਿਲਾਂ ਵਾਲੇ ਪੱਧਰ 'ਤੇ ਨਾ ਆ ਜਾਵੇ! ਜਦੋਂ ਕਿਸ਼ਤੀ ਦੇ ਪਾਸੇ 'ਤੇ ਬਣੀ ਲਕੀਰ ਪਾਣੀ ਦੀ ਸਤ੍ਹਾ ਨੂੰ ਛੂਹਣ ਲੱਗੇ, ਤਾਂ ਰੁਕ ਜਾਣਾ!"

ਮੁੰਡੇ ਨੇ ਕਿਹਾ ਜਦੋਂ ਲਕੀਰ ਪਾਣੀ ਤੱਕ ਪਹੁੰਚ ਗਈ। "ਹੁਣ ਬੇੜੀ ਵਿੱਚ ਮੌਜੂਦ ਸਾਰੇ ਪੱਥਰਾਂ ਦਾ ਕੁੱਲ ਭਾਰ ਹਾਥੀ ਦੇ ਭਾਰ ਦੇ ਬਰਾਬਰ ਹੈ!" ਪਿੰਡ ਵਾਸੀਆਂ ਨੇ ਤਾੜੀਆਂ ਮਾਰੀਆਂ।

"ਕਿੰਨਾ ਸਮਝਦਾਰ ਬੱਚਾ ਹੈ!" ਉਹ ਇੱਕ ਦੂਜੇ ਨੂੰ ਕਹਿਣ ਲੱਗੇ। ਪਰ ਫਿਰ ਮੁੰਡੇ ਨੇ ਉੱਚੀ ਆਵਾਜ਼ ਵਿੱਚ ਇੱਕ ਸਵਾਲ ਪੁੱਛਿਆ: "ਕੀ ਅਸੀਂ ਪੱਥਰਾਂ ਦਾ ਕੁੱਲ ਭਾਰ ਪਤਾ ਕਰੀਏ?"

ਤੁਰੰਤ, ਲੋਕ ਆਪਣੇ ਤੱਕੜੀ (ਵੱਟੇ-ਤੋਲ) ਇਕੱਠੇ ਕਰਨ ਲਈ ਆਪਣੇ ਘਰਾਂ ਵੱਲ ਭੱਜੇ। ਪੱਥਰਾਂ ਨੂੰ ਇੱਕ-ਇੱਕ ਕਰਕੇ ਬੇੜੀ ਵਿੱਚੋਂ ਬਾਹਰ ਕੱਢਿਆ ਗਿਆ। ਪਿੰਡ ਦੇ ਬੱਚਿਆਂ ਨੇ ਉਹਨਾਂ ਵੱਲੋਂ ਦੱਸੇ ਗਏ ਵਜ਼ਨ ਨੂੰ ਲਿਖ ਲਿਆ। ਅੰਤ ਵਿੱਚ ਆਖਰੀ ਪੱਥਰ ਵੀ ਤੋਲਿਆ ਗਿਆ। ਸਾਰੇ ਪੱਥਰਾਂ ਦੇ ਵਜ਼ਨ ਨੂੰ ਜੋੜਿਆ ਗਿਆ। ਸਾਰੀ ਗਣਨਾ (ਕੈਲਕੁਲੇਸ਼ਨ) ਦੀ ਦੁਬਾਰਾ ਜਾਂਚ ਕੀਤੀ ਗਈ। ਫਿਰ ਮੁੰਡੇ ਨੇ ਕੁੱਲ ਭਾਰ ਪੜ੍ਹ ਕੇ ਸੁਣਾਇਆ। ਅਤੇ ਅਮੀਰ ਆਦਮੀ ਖੁਸ਼ੀ ਨਾਲ ਹੱਸ ਪਿਆ! ਹਾਥੀ ਦਾ ਅਸਲੀ ਵਜ਼ਨ ਪਤਾ ਲੱਗ ਗਿਆ ਸੀ।

ਇਹ ਇਕ ਪਰੰਪਰਾਗਤ ਚੀਨੀ ਕਹਾਣੀ ਹੈ।



© Katha Jharna 2008

P. Saraswati, V. Vijayakanthi, L. S. Saraswathi, S. Rajalakshmi

Publisher Rajalakshmi Srinivasan Memorial Foundation

Punjabi Ramanpreet Kaur

Artist S. P. Raju

ਬਹੁਤ ਲੰਬੀ ਕਹਾਣੀ

ਇੱਕ ਸਮੇਂ ਦੀ ਗੱਲ ਹੈ, ਇੱਕ ਰਾਜਾ ਸੀ ਜੋ ਹਰ ਕਿਸਮ ਦੀਆਂ ਕਹਾਣੀਆਂ ਪਸੰਦ ਕਰਦਾ ਸੀ। ਜਦ ਵੀ ਉਸਦੇ ਕੋਲ ਸਮਾਂ ਹੁੰਦਾ, ਉਹ ਆਪਣੇ ਇੱਕ ਸਹਾਇਕ – ਮੰਤਰੀ, ਸੈਨਿਕ, ਰਾਖੀ ਵਾਲਾ, ਜਾਂ ਬਾਗੀਚਾ ਦੇ ਮਾਲੀ ਨੂੰ ਬੁਲਾਉਂਦਾ ਅਤੇ ਕਹਾਣੀਆਂ ਸੁਣਦਾ। ਪਰ ਉਸਦੀ ਕਹਾਣੀਆਂ ਦੀ ਭੁੱਖ ਕਦੇ ਵੀ ਮਿਟਦੀ ਨਹੀਂ ਸੀ।

ਇੱਕ ਦਿਨ ਉਸਨੇ ਸੋਚਿਆ ਕਿ ਕਿਵੇਂ ਹੋਰ ਲੋਕਾਂ ਦੀਆਂ ਕਹਾਣੀਆਂ ਸੁਣੀਆਂ ਜਾ ਸਕਦੀਆਂ ਹਨ। "ਮੈਂ ਕਹਾਣੀ ਸੁਣਾਉਣ ਦਾ ਮੁਕਾਬਲਾ ਕਰਵਾਉਂਗਾ!" ਉਸਨੇ ਫੈਸਲਾ ਕੀਤਾ।

ਸਾਰੇ ਰਾਜ ਵਿੱਚ ਐਲਾਨ ਕੀਤਾ ਗਿਆ: "ਜੋ ਵੀ ਸਭ ਤੋਂ ਲੰਬੀ ਕਹਾਣੀ ਸੁਣਾਏਗਾ, ਉਸ ਨੂੰ 1,000 ਸੋਨੇ ਦੇ ਸਿੱਕੇ ਦਿੱਤੇ ਜਾਣਗੇ!"

ਕਹਾਣੀਕਾਰ ਦੂਰ-ਦੂਰੋਂ ਆਉਣ ਲੱਗੇ। ਉਹਨਾਂ ਦੀਆਂ ਕਹਾਣੀਆਂ ਬਹੁਤ ਲੰਬੀਆਂ ਸਨ। ਇੱਕ ਕਹਾਣੀ ਸੁਣਾਉਣ ਵਿੱਚ ਪੂਰਾ ਹਫ਼ਤਾ ਲੱਗਿਆ। ਦੂਜੀ ਕਹਾਣੀ ਦਸ ਦਿਨ ਲੱਗੇ। ਇਕ ਹੋਰ ਕਹਾਣੀ ਤਾਂ ਪੂਰੇ ਮਹੀਨੇ ਤੱਕ ਖਿੱਚ ਗਈ! ਪਰ ਰਾਜਾ ਸਦਾ ਕਹਿੰਦਾ, "ਤੁਹਾਡੀ ਕਹਾਣੀ ਕਾਫ਼ੀ ਲੰਬੀ ਨਹੀਂ ਹੈ।" ਫਿਰ ਉਹ ਕਹਾਣੀਕਾਰਾਂ ਨੂੰ ਭੇਜ ਦਿੰਦਾ।

ਕਹਾਣੀਕਾਰ ਆਉਂਦੇ ਰਹਿੰਦੇ। ਰਾਜਾ ਉਹਨਾਂ ਨੂੰ ਭੇਜਦਾ ਰਹਿੰਦਾ। ਇਹ ਕਈ ਮਹੀਨਿਆਂ ਤੱਕ ਚੱਲੀ।

ਇੱਕ ਦਿਨ ਇੱਕ ਚਤੁਰ ਕਵੀ ਮਹਲ ਵਿੱਚ ਆਇਆ।

"ਮੈਂ ਉਹ 1,000 ਸੋਨੇ ਦੇ ਸਿੱਕੇ ਜਿੱਤਣੇ ਹੀ ਹਨ!" ਉਸਨੇ ਆਪਣੇ ਆਪ ਨੂੰ ਕਿਹਾ।

ਜਦ ਉਸਦੀ ਵਾਰੀ ਆਈ, ਉਸਨੇ ਰਾਜਾ ਨੂੰ ਕਿਹਾ, "ਮਹਾਰਾਜਾ, ਮੈਂ ਇੱਕ ਬਹੁਤ ਲੰਬੀ ਕਹਾਣੀ ਜਾਣਦਾ ਹਾਂ। ਪੂਰੀ ਕਹਾਣੀ ਸੁਣਾਉਣ ਲਈ ਪੂਰੀ ਜ਼ਿੰਦਗੀ ਲੱਗ ਜਾਵੇਗੀ!"

"ਸ਼ਾਨਦਾਰ!" ਰਾਜਾ ਨੇ ਕਿਹਾ। "ਹੁਣ ਸੁਣਾਉਣਾ ਸ਼ੁਰੂ ਕਰੋ!"



"ਠੀਕ ਹੈ," ਕਵੀ ਨੇ ਕਿਹਾ। "ਪਰ ਤੈਨੂੰ ਇੱਕ ਸ਼ਰਤ ਮਨਜ਼ੂਰ ਕਰਨੀ ਪਏਗੀ।"

"ਦੱਸੋ," ਰਾਜਾ ਨੇ ਕਿਹਾ।

"ਕਹਾਣੀ ਸੁਣਦਿਆਂ, ਤੁਹਾਨੂੰ ਕਹਿਣਾ ਪਵੇਗਾ,ਫਿਰ ਕੀ ਹੋਇਆ? ਫਿਰ ਕੀ ਹੋਇਆ?'" ਕਵੀ ਨੇ ਕਿਹਾ।

"ਸਿਰਫ ਇਹੀ?" ਰਾਜਾ ਨੇ ਪੁੱਛਿਆ। ਫਿਰ ਕਵੀ ਨੇ ਕਹਾਣੀ ਸ਼ੁਰੂ ਕੀਤੀ:

ਇਕ ਵਾਰ ਇੱਕ ਧਨੀ ਅਤੇ ਖੁਸ਼ਹਾਲ ਰਾਜ ਹੋਇਆ। ਇਸਦੇ ਚੌਲਾਂ ਦੇ ਖੇਤ ਦੂਰ-ਦੂਰ ਤੱਕ ਫੈਲੇ ਹੋਏ ਸਨ। ਲੋਕ ਕਦੇ ਭੁੱਖੇ ਨਹੀਂ ਰਹਿੰਦੇ ਸਨ। ਉਹ ਮਿਹਨਤ ਕਰਦੇ ਅਤੇ ਖੁਸ਼ ਰਹਿੰਦੇ।

ਇੱਕ ਸਮਾਂ ਆਇਆ ਜਦੋਂ ਫਸਲ ਬਹੁਤ ਜਿਆਦਾ ਹੋਈ! ਨਵੇਂ ਸਾਫ ਕੀਤੇ ਹੋਏ ਦਾਣੇ ਰਾਜ ਦੇ ਹਰ ਕੋਨੇ ਵਿੱਚ ਢੇਰ ਬਣਾਏ ਗਏ।

ਰਾਜੇ ਦੇ ਇਕ ਮੰਤਰੀ ਨੇ ਸੁਝਾਅ ਦਿੱਤਾ, "ਆਓ ਇੱਕ ਬਹੁਤ ਵੱਡਾ ਭੰਡਾਰਘਰ ਬਣਾਈਏ। ਸਾਰੀ ਬਚੀ ਹੋਈ ਫਸਲ ਉਥੇ ਰੱਖ ਸਕੀਏ। ਜੇ ਸਾਡੀ ਫਸਲ ਨਾ ਹੋਵੇ, ਫਿਰ ਵੀ ਅਸੀਂ ਲੋਕਾਂ ਨੂੰ ਖਵਾ ਸਕਾਂਗੇ।"

ਰਾਜਾ ਇਸ ਨਾਲ ਸਹਿਮਤ ਹੋ ਗਿਆ।

ਹਜ਼ਾਰਾਂ ਆਦਮੀ ਨਵੇਂ ਭੰਡਾਰਘਰ 'ਤੇ ਕੰਮ ਕਰਨ ਆਏ। ਜਦੋਂ ਇਹ ਤਿਆਰ ਹੋਇਆ, ਤਾਂ ਦੁਨੀਆ ਵਿੱਚ ਇਸ ਦੀ ਕੋਈ ਤੁਲਨਾ ਨਹੀਂ ਸੀ! ਲੋਕ ਦੂਰ-ਦੂਰ ਤੋਂ ਇਸ ਨੂੰ ਦੇਖਣ ਆਉਂਦੇ। ਇਹ ਸਿਰਫ਼ ਵੱਡਾ ਹੀ ਨਹੀਂ ਸੀ; ਇਹ ਅੰਦਰ ਤੱਕ ਅਨਾਜ ਨਾਲ ਭਰਿਆ ਹੋਇਆ ਸੀ।


ਹੁਣ, ਭੰਡਾਰਘਰ ਦੀ ਉੱਚੀ ਕੰਧ 'ਤੇ ਹਵਾ ਲਈ ਇੱਕ ਛੋਟਾ ਸੁਰਾਖ ਬਣਾਇਆ ਗਿਆ ਸੀ। ਇਕ ਦਿਨ ਇਕ ਚਿੜੀ ਨੇ ਇਹ ਸੁਰਾਖ ਵੇਖਿਆ। ਉਹ ਉੱਡ ਕੇ ਅੰਦਰ ਗਈ ਅਤੇ ਆਪਣੀ ਚੁੰਝ ਨਾਲ ਇੱਕ ਦਾਣਾ ਚੌਲ ਦਾ ਚੁੱਕ ਲਿਆ। ਫਿਰ ਉਸਨੇ ਦਾਣਾ ਆਪਣੇ ਆਲ੍ਹਣੇ ਵਿੱਚ ਪਾ ਦਿੱਤਾ...

ਕਵੀ ਰੁਕ ਗਿਆ। ਰਾਜਾ ਨੇ ਪੁੱਛਿਆ, "ਫਿਰ ਕੀ ਹੋਇਆ?"

"ਚਿੜੀ ਦੁਬਾਰਾ ਭੰਡਾਰਘਰ ਵਿੱਚ ਗਈ ਅਤੇ, ਫਿਰ ਬਾਹਰ ਆਈ ਆਪਣੀ ਚੁੰਝ ਵਿੱਚ ਇੱਕ ਚੌਲ ਦਾ ਦਾਣਾ ਲੈ ਕੇ। ਉਸਨੇ ਇਹ ਦਾਣਾ ਵੀ ਆਪਣੇ ਆਲ੍ਹਣੇ ਵਿੱਚ ਰੱਖ ਦਿੱਤਾ..."

ਕਵੀ ਰੁਕਿਆ। ਰਾਜਾ ਨੇ ਪੁੱਛਿਆ, "ਫਿਰ ਕੀ ਹੋਇਆ?"





"ਫਿਰ, ਚਿੜੀ ਭੰਡਾਰਘਰ ਵਿੱਚ ਉੱਡੀ ਅਤੇ ਆਪਣੀ ਚੁੰਝ ਵਿੱਚ ਇੱਕ ਚੌਲ ਦਾ ਦਾਣਾ ਲੈ ਆਈ। ! ਫਿਰ, ਉਹ ਆਪਣੇ ਆਲ੍ਹਣੇ ਵਾਪਸ ਉੱਡੀ..."

ਕਵੀ ਆਪਣੀ ਕਹਾਣੀ ਜਾਰੀ ਰੱਖਦਾ ਰਿਹਾ। ਉਸਨੇ ਦੱਸਿਆ ਕਿ ਚਿੜੀ ਕਿਵੇਂ ਵਾਰ-ਵਾਰ ਭੰਡਾਰਘਰ ਗਈ ਅਤੇ ਹਰ ਵਾਰੀ ਸਿਰਫ਼ ਇੱਕ ਦਾਣਾ ਚੌਲ ਲੈ ਕੇ ਬਾਹਰ ਆਈ।

ਰਾਜਾ ਜਲਦੀ ਹੀ ਬੇਸਬਰ ਹੋਣ ਲੱਗਾ। "ਫਿਰ ਕੀ ਹੋਇਆ? ਫਿਰ ਕੀ ਹੋਇਆ?" ਉਸਨੇ ਪੁੱਛਿਆ। ਪਰ ਉਹ ਅੰਦਰ-ਅੰਦਰ ਸੋਚ ਰਿਹਾ ਸੀ, "ਇਹ ਚਿੜੀ ਕਦੇ ਨਹੀਂ ਰੁਕੇਗੀ। ਮੇਰੇ ਜੀਵਨ ਤੋਂ ਪਹਿਲਾਂ ਇਹ ਕਹਾਣੀ ਖਤਮ ਹੋ ਜਾਏਗੀ!"ਉਸਨੇ ਆਪਣੇ ਕੰਨ ਢੱਕ ਲਏ ਅਤੇ ਨੌਕਰਾਂ ਨੂੰ ਬੁਲਾਇਆ। "ਮੈਨੂੰ 1,000 ਸੋਨੇ ਦੇ ਸਿੱਕੇ ਲਿਆ ਕੇ ਦਿਓ!" ਉਸਨੇ ਗਰਜ ਕੇ ਕਿਹਾ।

ਕਵੀ ਕਹਿ ਰਿਹਾ ਸੀ, "ਅਤੇ ਫਿਰ ਪੰਛੀ ਆਪਣੇ ਆਲ੍ਹਣੇ ਵਾਪਸ ਉੱਡਿਆ..." ਹੁਣ ਉਹ ਰੁਕ ਕੇ ਇੰਤਜ਼ਾਰ ਕਰਨ ਲੱਗਾ। ਰਾਜਾ ਨੇ ਉਸਨੂੰ 1,000 ਸੋਨੇ ਦੇ ਸਿੱਕੇ ਦਿੱਤੇ।ਕਵੀ ਆਪਣਾ ਧੰਨਵਾਦ ਸੁਚੱਜੇ ਤਰੀਕੇ ਨਾਲ ਪ੍ਰਗਟ ਕਰਨ ਲੱਗਾ, ਪਰ ਰਾਜਾ ਨੇ ਉਸਨੂੰ ਚੁੱਪ ਕਰਵਾ ਦਿੱਤਾ। "ਚਲੇ ਜਾਓ! ਚਲੇ ਜਾਓ, ਚਲੇ ਜਾਓ!" ਉਸਨੇ ਹੁਕਮ ਦਿੱਤਾ।

ਇਸ ਤਰ੍ਹਾਂ, ਕਵੀ ਬਿਨਾ ਕੁਝ ਕਹੇ ਮਹਲ ਛੱਡ ਗਿਆ ਅਤੇ
ਰਾਜਾ ਨੇ ਇੱਕ ਸਾਹ ਲਿਆ ਅਤੇ ਰਾਹਤ ਮਹਿਸੂਸ ਕੀਤੀ।



ਇਹ ਇੱਕ ਭਾਰਤੀ ਲੋਕਕਹਾਣੀ ਹੈ।

P. Saraswati V. Vijayakanthi
L. S. Saraswathi S. Rajalakshmi

Publisher Rajalakshmi Srinivasan Memorial Foundation
Punjabi Ramanpreet Kaur
Artist S. P. Raju


ਨੰਦੜੀਆ ਅਤੇ ਮਗਰਮੱਛ

ਬਹਾਦੁਰ ਛੋਟਾ ਬਾਂਦਰ,ਨੰਦੜੀਆ, ਨੂੰ ਜੰਗਲ ਵਿੱਚ ਇਕੱਲਾ ਘੁੰਮਣਾ ਬਹੁਤ ਪਸੰਦ ਸੀ।

ਇੱਕ ਦਿਨ ਉਹ ਇੱਕ ਵੱਡੀ ਨਦੀ ਕੋਲ ਪਹੁੰਚਿਆ ਜਿਸ ਦੇ ਵਿਚਕਾਰ ਇੱਕ ਟਾਪੂ ਸੀ ,ਟਾਪੂ ਸਾਰੇ ਅੰਬ ਦੇ ਦਰੱਖਤਾਂ ਨਾਲ ਭਰਿਆ ਹੋਇਆ ਸੀ। ਪੱਕੇ ਫਲ ਪੱਤਿਆਂ ਦੇ ਵਿਚਕਾਰ ਮਿਠੇ ਤੇ ਮਨੋਹਰ ਲੱਗ ਰਹੇ ਸਨ।

"ਮੈਂ ਇਹ ਅੰਬ ਖਾਣੇ ਚਾਹੁੰਦਾ ਹਾਂ!" ਨੰਦੜੀਆ ਨੇ ਸੋਚਿਆ। "ਪਰ ਨਦੀ ਬਹੁਤ ਚੌੜੀ ਅਤੇ ਤੇਜ਼ ਹੈ। ਮੈਂ ਕਿਵੇਂ ਪਾਰ ਜਾ ਸਕਦਾ ਹਾਂ?"

ਅਚਾਨਕ ਉਸਨੇ ਪਾਣੀ ਵਿੱਚ ਇੱਕ ਪੱਥਰ ਉਭਰਦਾ ਦੇਖਿਆ, ਜੋ ਟਾਪੂ ਤੱਕ ਦੇ ਅੱਧੇ ਰਸਤੇ 'ਤੇ ਸੀ। ਆਹਾ! ਇੱਕ ਵੱਡੀ ਛਾਲ ਨਾਲ ਨੰਦੜੀਆ ਪੱਥਰ 'ਤੇ ਪਹੁੰਚ ਗਿਆ। ਫਿਰ ਇਕ ਹੋਰ ਛਾਲ ਨਾਲ ਉਹ ਟਾਪੂ 'ਤੇ ਚੜ੍ਹ ਗਿਆ। ਬਹੁਤ ਖਤਰਨਾਕ ਪਾਰ! ਪਰ ਬਹਾਦੁਰ ਨੰਦੜੀਆ ਲਈ ਬਿਲਕੁਲ ਠੀਕ!



ਨੰਦੜੀਆ ਇੱਕ ਦਰੱਖਤ ‘ਤੇ ਚੜ੍ਹਿਆ ਅਤੇ ਇੱਕ ਅੰਬ ਖਾਧਾ। ਵਾਹ! ਬਹੁਤ ਸੁਆਦੀ! ਉਸਨੇ ਹੋਰ ਇੱਕ ਫਲ ਖਾਧਾ, ਇਹ ਹੋਰ ਵੀ ਵਧੀਆ ਸੀ। ਨੰਦੜੀਆ ਆਪਣੇ ਮਨਪਸੰਦ ਅੰਬ ਖਾ-ਖਾ ਕੇ ਖੁਸ਼ ਹੋ ਗਿਆ। ਫਿਰ ਉਹ ਪੱਥਰ ਤੇ ਛਾਲ ਮਾਰਕੇ ਨਦੀ ਦੇ ਕੰਢੇ ਤੇ ਆ ਗਿਆ ਅਤੇ ਘਰ ਵਾਪਸ ਚਲਾ ਗਿਆ।

ਉਸ ਰਾਤ ਨੂੰ ਨੰਦੜੀਆ ਨੇ ਮਾਂ-ਪਿਤਾ ਨੂੰ ਟਾਪੂ ਅਤੇ ਉਸਦੇ ਵਧੀਆ ਫਲਾਂ ਬਾਰੇ ਦੱਸਿਆ। “ਮੇਰੇ ਨਾਲ ਆਓ ਤੇ ਮਜ਼ਾ ਲਓ...” ਉਸਨੇ ਸੱਦਾ ਦਿੱਤਾ। “ਸਾਡੇ ਕੋਲ ਸਮਾਂ ਨਹੀਂ ਹੈ,” ਉਹਨਾਂ ਨੇ ਕਿਹਾ। ਨੰਦੜੀਆ ਦੇ ਦੋਸਤ ਵੀ ਇਨਕਾਰ ਕਰ ਗਏ। “ਉਹ ਟਾਪੂ ਬਹੁਤ ਦੂਰ ਹੈ,” ਉਹਨਾਂ ਨੇ ਕਿਹਾ।

ਨੰਦੜੀਆ ਹਮੇਸ਼ਾ ਟਾਪੂ ਆਪਣੇ ਆਪ ਹੀ ਜਾਂਦਾ। ਕੀ ਇਸ ਨਾਲ ਉਹਨੂੰ ਕੋਈ ਫਰਕ ਪਿਆ? ਬਿਲਕੁਲ ਨਹੀਂ। ਡਰਾਉਣੇ ਜੰਗਲ ਨੇ ਬਹਾਦੁਰ ਨੰਦੜੀਆ ਨੂੰ ਨਹੀਂ ਡਰਾਇਆ।

ਪਰ ਖਤਰਾ ਨੇੜੇ ਹੀ ਸੀ! ਇੱਕ ਮਗਰਮੱਛ ਨੇ ਨੰਦੜੀਆ ਦੇ ਆਉਣ-ਜਾਣ ਨੂੰ ਦੇਖਿਆ। “ਆਹਾ! ਇਕ ਛੋਟਾ ਬਾਂਦਰ ਇਕੱਲਾ ਘੁੰਮ ਰਿਹਾ ਹੈ! ਕੀ ਸੁਆਦੀ ਖੁਰਾਕ!” ਉਸਨੇ ਸੋਚਿਆ। ਉਸਦੇ ਠੰਢੇ ਦਿਮਾਗ ਵਿੱਚ ਇੱਕ ਯੋਜਨਾ ਬਣੀ। ਉਹ ਨੰਦੜੀਆ ਦੇ ਵਾਪਸ ਆਉਣ ਦੀ ਉਡੀਕ ਕਰਨ ਲੱਗਾ।

ਕੁਝ ਦਿਨ ਮਾੜੇ ਮੌਸਮ ਨੇ ਨੰਦੜੀਆ ਨੂੰ ਘਰ ਵਿੱਚ ਰੱਖਿਆ। ਅਗਲੀ ਵਾਰੀ ਜਦੋਂ ਨੰਦੜੀਆ ਅੰਬ ਖਾਣ ਗਿਆ, ਉਹ ਹੈਰਾਨ ਰਹਿ ਗਿਆ! ਮੀਂਹ ਨੇ ਨਦੀ ਨੂੰ ਵਧਾ ਦਿੱਤਾ ਸੀ। ਪੱਥਰ ਦਾ ਸਿਰ ਉੱਚੇ ਪਾਣੀ ਨਾਲ ਲੁਕ ਰਿਹਾ ਸੀ।

“ਮੈਨੂੰ ਸਾਵਧਾਨ ਰਹਿਣਾ ਚਾਹੀਦਾ ਹੈ,” ਨੰਦੜੀਆ ਨੇ ਸੋਚਿਆ। “ਨਹੀਂ ਤਾਂ ਇਹ ਤੇਜ਼ ਨਦੀ ਮੈਨੂੰ ਲੈ ਜਾਵੇਗੀ!” ਉਸਨੇ ਆਪਣੀ ਤਾਕਤ ਇਕੱਠੀ ਕੀਤੀ ਅਤੇ ਛਾਲ ਮਾਰੀ। ਉਹ ਪੱਥਰ ਦੇ ਸਿਰ ‘ਤੇ ਸਹੀ ਢੰਗ ਨਾਲ ਉਤਰ ਗਿਆ। ਫਿਰ ਇੱਕ ਹੋਰ ਛਾਲ ਨਾਲ ਉਹ ਟਾਪੂ ‘ਤੇ ਪਹੁੰਚ ਗਿਆ।



ਉਹ ਕਿੰਨਾ ਖੁਸ਼ ਸੀ! ਉਹ ਹੌਲੀ-ਹੌਲੀ ਅੰਬ ਖਾ ਰਿਹਾ ਸੀ। ਸਭ ਤੋਂ ਪੱਕੇ ਫਲ ਚੁਣੇ। ਹਰ ਇੱਕ ਬੁਰਕੀ ਦਾ ਮਜ਼ਾ ਲਿਆ।

ਹੁਣ ਘਰ ਵਾਪਸੀ ਦਾ ਸਮਾਂ ਸੀ। ਨੰਦੜੀਆ ਪੱਥਰ 'ਤੇ ਛਾਲ ਮਾਰਨ ਲਈ ਤਿਆਰ ਹੋਇਆ। ਪਰ ਓਹ! ਪੱਥਰ ਅਜਿਹਾ ਲੱਗ ਰਿਹਾ ਸੀ, ਜਿਵੇਂ ਪਹਿਲਾਂ ਨਹੀਂ ਸੀ। ਨੰਦੜੀਆ ਨੇ ਧਿਆਨ ਨਾਲ ਦੇਖਿਆ। "ਹੰਮਮ... ਇਹ ਪਹਿਲਾਂ ਤੋਂ ਵੱਡਾ ਹੈ। ਕੋਈ ਮੈਨੂੰ ਫਸਾਉਣ ਦੀ ਕੋਸ਼ਿਸ਼ ਕਰ ਰਿਹਾ ਹੈ!" ਉਸਨੇ ਸੋਚਿਆ।




"ਪੱਥਰ ਭਰਾ! ਕਿਵੇਂ ਹੋ ਅੱਜ?" ਉਸਨੇ ਕਿਹਾ। ਪਰ ਕੋਈ ਜਵਾਬ ਨਹੀਂ ਆਇਆ। "ਤੂੰ ਮੈਨੂੰ ਕਿਉਂ ਨਹੀਂ ਸਲਾਮ ਕਰਦਾ? ਸਾਡੀ ਦੋਸਤੀ ਖ਼ਤਮ ਹੋ ਗਈ?"

ਮਗਰਮੱਛ ਪੱਥਰ ਉੱਤੇ ਲੰਬਾ ਪਿਆ ਸੀ, ਉਸਦਾ ਸਿਰ ਅਤੇ ਪੂੰਛ ਪਾਣੀ ਵਿੱਚ ਸਨ। ਨੰਦੜੀਆ ਦੀ ਆਵਾਜ਼ ਸੁਣ ਕੇ, ਉਹ ਥੋੜ੍ਹਾ ਸਿਰ ਉਠਾ ਕੇ ਸੁਣ ਰਿਹਾ ਸੀ।

ਲਾਲਚ ਕਰਕੇ ਮਗਰਮੱਛ ਨੇ ਸੋਚਿਆ, "ਓਹ! ਬਾਂਦਰ ਅਤੇ ਪੱਥਰ ਦੋਸਤ ਹੋਣਗੇ। ਮੈਂ ਜਵਾਬ ਦੇਵਾਂ।"

"ਕੀ ਹੈ, ਬੱਚੇ?" ਮਗਰਮੱਛ ਨੇ ਕਿਹਾ।



ਹੁਣ ਨੰਦੜੀਆ ਸਮਝ ਗਿਆ। “ਸਤਿ ਸ੍ਰੀ ਅਕਾਲ, ਮਿਸਟਰ ਮਗਰਮੱਛ! ਮੈਂ ਤੁਹਾਡੇ ਲਈ ਕੁਝ ਕਰ ਸਕਦਾ ਹਾਂ?” ਉਸਨੇ ਕਿਹਾ।


ਮਗਰਮੱਛ ਦੀ ਯੋਜਨਾ ਫੜੀ ਗਈ! ਉਹ ਗੁੱਸੇ ਵਿੱਚ ਸੀ! "ਮੈਂ ਤੈਨੂੰ ਖਾਣਾ ਚਾਹੁੰਦਾ ਹਾਂ!" ਉਹ ਦਹਾੜਿਆ। “ਮੈਂ ਕਿਵੇਂ ਬਚਾਂ?” ਨੰਦੜੀਆ ਨੇ ਸੋਚਿਆ। ਪਰ ਉਹ ਡਰਪੋਕ ਨਹੀਂ ਸੀ। ਉਸਨੇ ਤੁਰੰਤ ਯੋਜਨਾ ਬਣਾਈ।

“ਠੀਕ ਹੈ, ਮਿਸਟਰ ਮਗਰਮੱਛ!” ਉਸਨੇ ਕਿਹਾ। “ਤੁਸੀਂ ਮੈਨੂੰ ਫੜ ਲਿਆ ਹੈ। ਮੈਂ ਸਿੱਧਾ ਤੁਹਾਡੇ ਮੂੰਹ ਵਿੱਚ ਛਾਲ ਮਾਰਾਂਗਾ। ਕਿਰਪਾ ਕਰਕੇ ਆਪਣਾ ਮੂੰਹ ਖੋਲ੍ਹੋ। ਪਰ ਆਪਣੀਆਂ ਅੱਖਾਂ ਬੰਦ ਕਰੋ, ਤਾਂ ਜੋ ਮੈਂ ਨਿਸ਼ਾਨਾ ਨਾ ਗਵਾ ਦਵਾਂ।”

ਮੂਰਖ ਮਗਰਮੱਛ ਨੇ ਆਪਣੀਆਂ ਅੱਖਾਂ ਬੰਦ ਕੀਤੀਆਂ ਅਤੇ ਮੂੰਹ ਖੋਲ੍ਹ ਲਿਆ। ਨੰਦੜੀਆ ਛਾਲ ਮਾਰ ਕੇ ਮਗਰਮੱਛ ਦੇ ਜ਼ਬੜੇ ਨੂੰ ਬਾਈਪਾਸ ਕਰ ਗਿਆ। ਉਹ ਮਗਰਮੱਛ ਦੀ ਪਿੱਠ ‘ਤੇ ਉਤਰਿਆ ਅਤੇ ਫਿਰ ਨਦੀ ਦੇ ਕੰਢੇ ‘ਤੇ ਛਾਲ ਮਾਰੀ।

“ਓਹ, ਮਿਸਟਰ ਮਗਰਮੱਛ! ਤੁਸੀਂ ਮੈਨੂੰ ਫੜ ਨਹੀਂ ਸਕਦੇ!” ਉਸਨੇ ਹੱਸ ਕੇ ਕਿਹਾ ਅਤੇ ਘਰ ਵਾਪਸ ਦੌੜ ਗਿਆ।

ਇਹ ਇੱਕ ਜਟਾਕਾ ਕਹਾਣੀ ਹੈ।



© Katha Jharna 2008

P. Saraswati — V. Vijayakanthi

L. S. Saraswathi — S. Rajalakshmi

Publisher Rajalakshmi Srinivasan Memorial Foundation

Punjabi Ramanpreet Kaur

Artist Uma Krishnaswamy


35 ਚਾਰ ਦੋਸਤ



ਇੱਕ ਸਮੇਂ ਇੱਕ ਕਛੂਆ, ਇੱਕ ਕਾਂ, ਇੱਕ ਚੂਹਾ ਅਤੇ ਇੱਕ ਹਿਰਨ ਗਹਿਰੇ ਦੋਸਤ ਬਣ ਗਏ। ਉਹ ਹਰ ਸਮਾਂ ਇਕੱਠੇ ਰਹਿੰਦੇ, ਸਿਰਫ਼ ਖਾਣਾ ਲੱਭਣ ਲਈ ਹੀ ਵੱਖਰੇ ਹੁੰਦੇ। ਕਾਂ, ਚੂਹਾ ਅਤੇ ਹਿਰਨ ਦੂਰ-ਦੂਰ ਘੁੰਮਦੇ, ਪਰ ਕਛੂਆ ਆਪਣੇ ਘਰ ਦੇ ਨੇੜੇ ਬੂਟਿਆਂ ਅਤੇ ਘਾਹ ਵਿੱਚ ਰਹਿੰਦਾ।

ਇੱਕ ਸ਼ਾਮ, ਕਾਂ, ਕਛੂਆ ਅਤੇ ਚੂਹਾ ਹਿਰਨ ਦੀ ਵਾਪਸੀ ਦਾ ਇੰਤਜ਼ਾਰ ਕਰ ਰਹੇ ਸਨ। ਹਿਰਨ ਵਾਪਸ ਨਹੀਂ ਆਇਆ। "ਕੁਝ ਤਾਂ ਹੋਇਆ ਹੋਵੇਗਾ!" ਤਿੰਨ ਦੋਸਤ ਚਿੰਤਿਤ ਹੋਏ।

ਕਾਂ ਨੇ ਕਿਹਾ, "ਮੈਂ ਦੇਖ ਕੇ ਆਉਂਦਾ ਹਾਂ।" ਉਹ ਉੱਡ ਕੇ ਹਿਰਨ ਦੀ ਖੋਜ ਕਰਨ ਲੱਗਾ। ਕੁਝ ਸਮੇਂ ਬਾਅਦ ਉਸ ਆਪਣੇ ਦੋਸਤ ਨੂੰ ਦੇਖਿਆ। ਪਰ ਕੁਝ ਗਲਤ ਸੀ!



ਕਾਂ ਨੇ ਥੱਲੇ ਉਤਰ ਕੇ ਵੇਖਿਆ। ਦੁਰਘਟਨਾ! ਗਰੀਬ ਹਿਰਨ ਸ਼ਿਕਾਰੀ ਦੇ ਜਾਲ ਵਿੱਚ ਫਸਿਆ ਹੋਇਆ ਸੀ। ਕਾਂ ਤੇਜ਼ੀ ਨਾਲ ਬਾਕੀ ਦੋਸਤਾਂ ਕੋਲ ਵਾਪਸ ਗਿਆ ਅਤੇ ਭਿਆਨਕ ਖ਼ਬਰ ਸੁਣਾਈ।

“ਸਾਨੂੰ ਹਿਰਨ ਨੂੰ ਬਚਾਉਣਾ ਪਵੇਗਾ!” ਚੂਹੇ ਨੇ ਕਿਹਾ। “ਮੈਂ ਜਾਲ ਨੂੰ ਕੱਟ ਕੇ ਉਸਨੂੰ ਆਜ਼ਾਦ ਕਰਾਂਗਾ!”

ਚੂਹੇ ਨੇ ਕਾਂ ਦੀ ਪਿੱਠ ‘ਤੇ ਛਾਲ ਮਾਰੀ। ਕਾਂ ਉਸਨੂੰ ਹਿਰਨ ਕੋਲ ਲੈ ਗਿਆ।
ਚੂਹੇ ਨੇ ਜਾਲ ਨੂੰ ਚਬਾਇਆ ਅਤੇ ਅੰਤ ਵਿੱਚ ਕੱਟ ਦਿੱਤਾ। ਉਸਨੇ ਹਿਰਨ ਨੂੰ ਰੱਸੀ ਤੋਂ ਆਜ਼ਾਦ ਕਰਵਾਇਆ।

ਤਦ ਕਛੂਆ ਆ ਗਿਆ। “ਓਹ ਨਹੀਂ! ਤੂੰ ਘਰ ਦੀ ਸੁਰੱਖਿਆ ਕਿਉਂ ਛੱਡ ਕੇ ਆਇਆ?” ਚੂਹੇ ਨੇ ਪੁੱਛਿਆ। “ਜੇ ਸ਼ਿਕਾਰੀ ਆਏ, ਤਾਂ ਕਾਂ ਉੱਡ ਜਾਵੇਗਾ, ਹਿਰਨ ਭੱਜ ਜਾਵੇਗਾ, ਮੈਂ ਖੁੱਡ ਵਿੱਚ ਛੁਪ ਜਾਵਾਂਗਾ। ਪਰ ਤੂੰ ਫਸ ਜਾਵੇਗਾ।”

“ਮੈਂ ਘਰ ਨਹੀਂ ਰਹਿ ਸਕਿਆ ਜਦੋਂ ਮੈਨੂੰ ਪਤਾ ਲੱਗਾ ਕਿ ਹਿਰਨ ਖਤਰੇ ਵਿੱਚ ਹੈ। ਮੈਨੂੰ ਆਉਣਾ ਪਿਆ,” ਕਛੂਏ ਨੇ ਕਿਹਾ।






ਜਦੋਂ ਉਹ ਗੱਲ ਕਰ ਰਹੇ ਸਨ, ਇੱਕ ਸ਼ਿਕਾਰੀ ਆ ਗਿਆ। ਇਕ ਛਾਲ ਵਿੱਚ ਹਿਰਨ ਗਾਇਬ ਹੋ ਗਿਆ। ਚੂਹੇ ਨੇ ਨੇੜੇ ਖੁੱਡ ਵਿੱਚ ਛਲਾਂਗ ਮਾਰੀ। ਕਾਂ ਉੱਡ ਗਿਆ।

ਵਿਚਾਰਾ ਕਛੂਆ! ਉਹ ਫਸਿਆ ਹੋਇਆ ਸੀ। ਸ਼ਿਕਾਰੀ ਨੇ ਉੱਚੇ ਘਾਹ ਨੂੰ ਕੱਢ ਕੇ ਰੱਸੀ ਬਣਾਈ। ਫਿਰ ਉਸਨੇ ਕਛੂਏ ਦੇ ਪੈਰ ਬੰਨ੍ਹ ਦਿੱਤੇ। ਡਰਿਆ ਹੋਇਆ ਜਾਨਵਰ ਆਪਣੇ ਮੋਢੇ ‘ਤੇ ਲਿਆ ਕੇ ਘਰ ਵੱਲ ਚੱਲਿਆ। ਦੋਸਤ ਆਪਣੇ ਛੁਪਣ ਵਾਲੇ ਸਥਾਨ ਤੋਂ ਬਾਹਰ ਆਏ। ਹਿਰਨ ਨੇ ਕਿਹਾ, “ਸਾਨੂੰ ਕਛੂਏ ਨੂੰ ਬਚਾਉਣਾ ਪਵੇਗਾ!”

ਚੂਹੇ ਕੋਲ ਇੱਕ ਯੋਜਨਾ ਸੀ। ਉਸਨੇ ਹਿਰਨ ਨੂੰ ਕਿਹਾ,“ਤੂੰ ਰਸਤੇ ਕੋਲ ਜਾ ਕੇ ਲੰਮਾ ਪੈ ਜਾ। ਮਰਿਆ ਹੋਇਆ ਬਣ ਕੇ ਦਿਖਾ।”



ਉਸਨੇ ਕਾਂ ਨੂੰ ਕਿਹਾ, "ਤੂੰ ਹਿਰਨ ਦੇ ਉੱਪਰ ਬੈਠ ਜਾ ਅਤੇ ਇੰਜ ਦਿਖਾਵਾ ਕਰ ਕਿ ਤੂੰ ਉਸਨੂੰ ਚੁੰਝ ਮਾਰ ਰਿਹਾ ਹੈਂ। ਸ਼ਿਕਾਰੀ ਤੈਨੂੰ ਦੇਖੇਗਾ ਅਤੇ ਕਛੂਏ ਨੂੰ ਹੇਠਾਂ ਰੱਖ ਦੇਵੇਗਾ। ਜਦੋਂ ਉਹ ਤੇਰੇ ਕੋਲ ਆਵੇਗਾ, ਮੈਂ ਰੱਸੀ ਨੂੰ ਦੰਦਾਂ ਨਾਲ ਕੱਟ ਕੇ ਕਛੂਏ ਨੂੰ ਆਜ਼ਾਦ ਕਰ ਦੇਵਾਂਗਾ।"

ਉਨ੍ਹਾਂ ਸਾਰਿਆਂ ਨੇ ਯੋਜਨਾ ਅਨੁਸਾਰ ਕੰਮ ਕੀਤਾ। ਸ਼ਿਕਾਰੀ ਨੇ ਹਿਰਨ ਨੂੰ ਰਸਤੇ ਦੇ ਨੇੜੇ ਪਿਆ ਦੇਖਿਆ। ਇੱਕ ਕਾਂ ਉਸਦੇ ਸਰੀਰ ਨੂੰ ਚੁੰਝ ਮਾਰ ਰਿਹਾ ਸੀ। ਸ਼ਿਕਾਰੀ ਨੇ ਕਛੂਏ ਨੂੰ ਹੇਠਾਂ ਰੱਖਿਆ ਅਤੇ ਹਿਰਨ ਵੱਲ ਚਲਾ ਗਿਆ। ਉਸੇ ਸਮੇਂ ਚੂਹੇ ਨੇ ਰੱਸੀ ਕੱਟ ਕੇ ਕਛੂਏ ਨੂੰ ਆਜ਼ਾਦ ਕਰ ਦਿੱਤਾ। ਜਿਵੇਂ ਹੀ ਸ਼ਿਕਾਰੀ ਹਿਰਨ ਦੇ ਨੇੜੇ ਆਇਆ, ਹਿਰਨ ਛਾਲ ਮਾਰ ਕੇ ਭੱਜ ਗਿਆ। ਕਾਂ ਉੱਡ ਗਿਆ। ਸ਼ਿਕਾਰੀ ਹੈਰਾਨੀ ਵਿੱਚ ਉਨ੍ਹਾਂ ਨੂੰ ਦੇਖਦਾ ਰਹਿ ਗਿਆ ਅਤੇ ਜਦੋਂ ਉਹ ਕਛੂਏ ਨੂੰ ਚੁੱਕਣ ਲਈ ਵਾਪਸ ਮੁੜਿਆ, ਤਾਂ ਉਹ ਵੀ ਉੱਥੋਂ ਗਾਇਬ ਹੋ ਚੁੱਕਾ ਸੀ!

ਇਹ ਇੱਕ ਪੰਚਤਤਰ ਕਹਾਣੀ ਹੈ।




© Katha Jharna 2008

P. Saraswati V. Vijayakanthi
L. S. Saraswathi S. Rajalakshmi

Publisher Rajalakshmi Srinivasan Memorial Foundation
Punjabi Ramanpreet Kaur
Artist S. P. Raju

ਅਸੀਂ ਕੌਣ ਹਾਂ?



ਸਾਫ਼ ਪਾਣੀ ਦੇ ਮੋਤੀਆਂ ਨਾਲ ਸਜੀ
ਗੋਲ ਪੱਤੀਆਂ ਸ਼ਾਂਤੀ ਨਾਲ ਤੈਰ ਰਹੀਆਂ ਹਨ
ਉਨ੍ਹਾਂ ਉੱਤੇ ਮਜ਼ਬੂਤ ਡੰਡਿਆਂ ਤੇ
ਸੁਰਮਈ ਫੁੱਲ ਖਿੜ ਰਹੇ ਹਨ

ਵੱਡੇ ਅਤੇ ਖੂਬਸੂਰਤ ਫੁੱਲ
ਤੁਰਹੀ (ਟ੍ਰੰਪਟ) ਦੇ ਆਕਾਰ ਦੇ ਲਾਲ ਫੁੱਲ
ਹੌਲੀ ਹਵਾ ਵਿੱਚ ਝੂਲਦੇ ਹਨ
ਉਹਨਾਂ ਦੇ ਪਤਲੇ ਫਿਲਾਮੈਂਟ (ਧਾਗੇ) ਬਾਹਰ ਝਾਕਦੇ ਹਨ।

ਕਈ ਪਰਤਾਂ ਵਾਲੇ ਚਮਕੀਲੇ ਫੁੱਲ
ਸੋਨੇ ਦੇ ਪੀਲੇ ਜਾਂ ਜ਼ਿੰਦਾ ਦਿਲ ਸੰਤਰੀ ਰੰਗ ਦੇ
ਮਾਲਾ ਅਤੇ ਸਜਾਵਟਾਂ ਵਿੱਚ ਬੁਣੇ ਗਏ
ਤਿਉਹਾਰਾਂ ਦੇ ਕਮਰੇ ਰੌਸ਼ਨ ਕਰਦੇ ਹਨ

ਮਧੂ-ਮੱਖੀਆਂ ਨਾਲ ਭਰਿਆ ਹੋਇਆ,
ਇਹ ਸੂਰਜ ਵੱਲ ਮੁੜਦਾ ਹੈ!
ਇਹ ਸਾਨੂੰ ਬੀਜ ਦਿੰਦਾ ਹੈ ਅਤੇ—ਮਧੂ-ਮੱਖੀਆਂ ਰਾਹੀਂ—
ਸਭ ਤੋਂ ਸੁਆਦਲਾ ਸ਼ਹਿਦ ਵੀ!

ਜਿਵੇਂ ਅਸੀਂ ਹੌਲੀ ਹੌਲੀ ਖੁਲਦੇ ਹਾਂ
ਆਪਣੀਆਂ ਪਰਤਦਾਰ ਪੱਤੀਆਂ ਦਿਖਾਉਂਦੇ ਹਾਂ
ਅਤੇ ਆਪਣੀ ਮਿੱਠੀ ਖੁਸ਼ਬੂ ਸਾਂਝੀ ਕਰਦੇ ਹਾਂ
ਸਾਡੇ ਕੰਡਿਆਂ ਦੇ ਕੰਡੇ ਸਾਡੀ ਰੱਖਿਆ ਕਰਦੇ ਹਨ

ਮੁਸਕੁਰਾਉਂਦੀਆਂ ਟਹਿਣੀਆਂ
ਬਰਫ਼ ਜਿਹੀਆਂ ਸਫ਼ੈਦ ਟਹਿਣੀਆਂ
ਦਰੱਖਤਾਂ ਤੇ ਛੋਟੇ ਫੁੱਲ
ਉਨ੍ਹਾਂ ਦੀ ਖੁਸ਼ਬੂ ਰਾਤ ਦੇ ਹਵਾ ਵਿੱਚ ਫੈਲਦੀ ਹੈ!

ਗੁਲਾਬ, ਗੁੜਹਲ, ਮੈਰੀਗੋਲਡ, ਸੂਰਜਮੁਖੀ, ਕਮਲ, ਚਮੇਲੀ



ਇਸਦੇ ਨਾਲ-ਨਾਲ ਜੀਵਾਂ ਦੀਆਂ ਬਾਤਾਂ:
ਇਸਦੇ ਖੰਭ ਹਨ
ਪਰ ਇਹ ਉੱਡ ਨਹੀਂ ਸਕਦਾ
ਇਸਦੇ ਸਿਰਫ਼ ਦੋ ਪੈਰ ਹਨ
ਪਰ ਇਹ ਘੋੜੇ ਵਾਂਗ ਦੌੜ ਸਕਦਾ ਹੈ

ਪੀਲੇ ਪੈਰ, ਪੀਲੀ ਚੁੰਝ,
ਅੱਖਾਂ ਦੁਆਲੇ ਪੀਲੇ ਰੰਗ ਦੇ ਗੋਲੇ -
ਸੀਟੀ ਵਜਾਉਣਾ ਅਤੇ ਚਹਿਕਣਾ
ਅਤੇ ਚੀਕਣਾ ਅਤੇ ਗਰਜਣਾ
ਉਹ ਤੁਹਾਡੀ ਪੁਕਾਰ ਦਾ ਜਵਾਬ ਦਿੰਦੀ ਹੈ

ਇਹ ਹਨੇਰੇ ਵਿੱਚ ਸ਼ਿਕਾਰ ਕਰਦੇ ਹੋਏ ਚੀਕਦਾ ਹੈ
ਸਵੇਰ ਵੇਲੇ ਇਹ ਆਪਣੇ ਆਰਾਮਦਾਇਕ ਆਲ੍ਹਣੇ ਵਿੱਚ ਦਾਖਲ ਹੁੰਦਾ ਹੈ,
ਆਪਣੀਆਂ ਗੋਲ ਅੱਖਾਂ ਬੰਦ ਕਰਦਾ ਹੈ, ਅਤੇ ਸੌਂਦਾ ਹੈ

ਸਿਰ 'ਤੇ, ਇੱਕ ਲਾਲ ਫੁੱਲ - ਪਰ ਇਸਨੂੰ ਕੌਣ ਤੋੜੇਗਾ?
ਲੱਤ 'ਤੇ, ਇੱਕ ਪੀਲਾ ਕੰਡਾ - ਪਰ ਇਸਨੂੰ ਕੌਣ ਕੱਢੇਗਾ?
ਸਵੇਰੇ, ਇੱਕ ਜਗਾਉਣ ਵਾਲਾ - ਇਸਨੂੰ ਕੌਣ ਨਜ਼ਰਅੰਦਾਜ਼ ਕਰ ਸਕਦਾ ਹੈ?
ਰਿੰਗ ਵਿੱਚ, ਇੱਕ ਭਿਆਨਕ ਪ੍ਰਤੀਯੋਗੀ - ਇਸਨੂੰ ਕੌਣ ਹਰਾ ਸਕਦਾ ਹੈ?

ਆਹ! ਮੇਰਾ ਪ੍ਰਸ਼ੰਸਕ -
ਆਪਣੀਆਂ ਹਜ਼ਾਰਾਂ ਚਮਕਦੀਆਂ ਅੱਖਾਂ ਨਾਲ
ਆਪਣੇ ਚਮਕਦੇ ਹਰੇ ਅਤੇ ਨੀਲੇ ਰੰਗਾਂ ਨਾਲ
ਆਪਣੇ ਸਭ ਤੋਂ ਛੋਟੇ ਖੰਭਾਂ ਨਾਲ ਕੰਬਦੇ
ਮੇਰੇ ਸ਼ਾਨਦਾਰ ਨਾਚ ਵਿੱਚ!






ਮੇਰੇ ਕੋਲ ਉੱਡਣ ਲਈ ਮਜ਼ਬੂਤ ਖੰਭ ਹਨ
ਮੇਰੇ ਕੋਲ ਤੁਰਨ ਲਈ ਮਜ਼ਬੂਤ ਪੈਰ ਹਨ
ਮੇਰੇ ਕੋਲ ਤੈਰਨ ਲਈ ਮਜ਼ਬੂਤ ਜਾਲਦਾਰ ਪੈਰ ਹਨ
ਮੇਰੇ ਕੋਲ ਗਾਉਣ ਲਈ ਮਜ਼ਬੂਤ ਆਵਾਜ਼ ਹੈ –
ਪਰ ਮੇਰਾ ਗੀਤ ਸਿਰਫ਼ “ਕੁਆਕ” ਹੈ

ਇਹ ਕਾਲੀ ਸੁੰਦਰਤਾ ਮਿੱਠੀ ਆਵਾਜ਼ ਵਿੱਚ ਗਾਉਂਦੀ ਹੈ
ਉਸਦਾ ਸੁਰੀਲਾ ਗੀਤ
ਪਰ ਤੁਹਾਨੂੰ ਦੇਖ ਕੇ
ਉਹ ਚੁੱਪ ਹੋ ਜਾਂਦੀ ਹੈ
ਅਤੇ ਗਾਇਬ ਹੋ ਜਾਂਦੀ ਹੈ



ਮੈਂ ਤੁਹਾਡੇ ਸੁਨੇਹੇ ਦੂਰ ਤੱਕ ਲੈ ਜਾਂਦਾ ਹਾਂ
ਅਤੇ ਆਪਣੇ ਪਰਿਵਾਰ ਕੋਲ ਵਾਪਸ ਉੱਡਦਾ ਹਾਂ
ਸਾਨੂੰ ਵੱਡੇ ਗੋਲ ਵਿੱਚ ਝੁੰਡ ਬਣਾ ਕੇ ਉੱਡਦੇ ਦੇਖੋ
ਜਾਂ ਟਾਵਰ ਦੇ ਹੇਠਾਂ ਅਨਾਜ ਖਾਂਦੇ ਹੋਏ ਦੇਖੋ




ਪੱਤਿਆਂ ਅਤੇ ਘਾਹ ਨੂੰ ਇਕੱਠਾ ਕਰਦੇ ਹੋਏ
ਉਹ ਉੱਡਦੀ ਹੈ ਅਤੇ ਉੱਡਦੀ ਹੈ
ਉਹ ਬੁਣਦੀ ਅਤੇ ਗੁੰਦਦੀ ਹੈ
ਤਾਰਿਆਂ ਨੂੰ ਇਕੱਠੇ ਕਰਦੀ ਹੈ
ਫਿਰ ਉਹ ਅੰਦਰ ਡੁਬਕੀ ਲਗਾਉਂਦੀ ਹੈ!

ਉਸਨੂੰ ਪਾਣੀ ਵਿੱਚ ਖੜੀ ਦੇਖੋ
ਮੂਰਤ ਵਾਂਗ ਬਿਲਕੁਲ ਸਥਿਰ –
ਹੁਣ ਉਹ ਬਿਜਲੀ ਵਾਂਗ ਹੇਠਾਂ ਡੁੱਬਦੀ ਹੈ
ਅਤੇ ਆਪਣੀ ਚੁੰਝ ਵਿੱਚ ਮੱਛੀ ਲੈ ਕੇ
ਵਾਪਸ ਉੱਪਰ ਆਉਂਦੀ ਹੈ!



ਉਹ ਸੋਹਣੀ ਹੈ!
ਇੰਨੀ ਹਰੀ, ਤੇ ਮੂੰਹ ਉਸਦਾ ਮੂੰਗੇ-ਲਾਲ
ਉਹ ਪਿੰਡ ਵਿੱਚ ਸ਼ਾਂਤੀ ਨਾਲ ਵੱਸਦੀ ਹੈ
ਜਾਂ ਦਲੇਰੀ ਨਾਲ ਖੇਤ ਉੱਤੇ ਦੌੜਦੀ ਹੈ



ਇਹ ਕਾਲਾ ਕੱਪੜਾ ਪਹਿਨਿਆ ਹੋਇਆ ਜੀਵ
ਸਾਰਾ ਦਿਨ ਕੰਮ ਕਰਦਾ ਹੈ
ਅਤੇ ਜੇ ਤੁਸੀਂ ਉਸਨੂੰ ਖਾਣੇ ਤੇ ਬੁਲਾਉਂਦੇ ਹੋ –
ਕਾਂ !ਕਾਂ !ਕਾਂ!
ਉਹ ਆਪਣੇ ਸਾਰੇ ਪਰਿਵਾਰ ਨੂੰ ਬੁਲਾ ਲੈਂਦਾ ਹੈ!

ਇਸਦੀ ਚੁੰਝ ਤਿੱਖੀ ਅਤੇ ਮੁੜੀ ਹੋਈ ਹੈ
ਇਸਦੀ ਨਜ਼ਰ ਤੇਜ਼ ਹੈ
ਇਸਦੇ ਖੜ੍ਹੇ ਖੰਭ ਮਜ਼ਬੂਤ ਹਨ
ਇਹ ਸ਼ਿਕਾਰ ਦੀ ਭਾਲ ਵਿੱਚ ਅਸਮਾਨ ਵਿੱਚ ਉੱਚਾ ਉੱਡਦਾ ਹੈ

ਕਾਂ, ਬਾਜ਼, ਮੋਰ, ਤੋਤਾ, ਕੋਇਲ, ਕਬੂਤਰ, ਕ੍ਰੈਨ, ਮੁਰਗਾ,
ਉਲੂ, ਮੈਨਾ, ਸ਼ੁਤਰਮੁਰਗ, ਜੁਲਾਹਾ, ਬਤਖ਼

Publisher Rajalakshmi Srinivasan Memorial Foundation

P. Saraswati V. Vijayakanthi

L. S. Saraswathi S. Rajalakshmi

Punjabi Ramanpreet Kaur

Artist Uma Krishnaswamy

ਛੋਟਾ ਘੋੜਾ ਅਤੇ ਦਰਿਆ

ਇੱਕ ਵਾਰ ਇੱਕ ਛੋਟਾ ਘੋੜਾ ਆਪਣੀ ਮਾਂ ਨਾਲ ਇੱਕ ਸੁੰਦਰ, ਦਰੱਖਤਾਂ ਨਾਲ ਘਿਰੇ ਘਾਟੀ ਵਿੱਚ ਰਹਿੰਦਾ ਸੀ। ਛੋਟੇ ਘੋੜੇ ਨੂੰ ਆਪਣੀ ਮਾਂ ਨਾਲ ਬਹੁਤ ਪਿਆਰ ਸੀ। ਉਹ ਕਦੇ ਵੀ ਉਸ ਤੋਂ ਦੂਰ ਨਹੀਂ ਜਾਣਾ ਚਾਹੁੰਦਾ ਸੀ। ਦਿਨ ਹੋਵੇ ਜਾਂ ਰਾਤ, ਜਦੋਂ ਵੀ ਉਹ ਇਕੱਠੇ ਹੁੰਦੇ, ਉਹ ਆਪਣਾ ਸਰੀਰ ਮਾਂ ਨਾਲ ਲਗਾ ਲੈਂਦਾ ਸੀ।

ਇੱਕ ਦਿਨ ਘੋੜੀ ਦੀ ਮਾਂ ਨੇ ਪਿਆਰ ਨਾਲ ਆਪਣੇ ਬੱਚੇ ਨੂੰ ਕਿਹਾ, “ਪਿਆਰੇ ਬੱਚੇ, ਤੂੰ ਹੁਣ ਛੋਟਾ ਨਹੀਂ ਰਿਹਾ। ਤੂੰ ਕੰਮ ਕਦੋਂ ਸ਼ੁਰੂ ਕਰੇਂਗਾ?”

“ਮੈਂ ਤਾਂ ਹੁਣੇ ਤਿਆਰ ਹਾਂ!” ਛੋਟੇ ਘੋੜੇ ਨੇ ਕਿਹਾ। “ਮੈਨੂੰ ਦੱਸੋ ਮੈਂ ਕੀ ਕਰਾਂ?”

“ਬਹੁਤ ਵਧੀਆ!” ਮਾਂ ਨੇ ਕਿਹਾ ਅਤੇ ਪਿਆਰ ਨਾਲ ਉਸਦਾ ਚਿਹਰਾ ਚੱਟਿਆ



"ਇਹ ਅਨਾਜ ਦੀ ਬੋਰੀ ਚੱਕ 'ਤੇ ਲੈ ਜਾ ਅਤੇ ਇਸਨੂੰ ਆਟੇ ਵਿੱਚ ਪਿਸਵਾ ਕੇ ਲਿਆ।"

"ਜੀ ਮਾਂ!" ਛੋਟੇ ਘੋੜੇ ਨੇ ਕਿਹਾ। ਉਹ ਉਡੀਕ ਕਰਦਾ ਰਿਹਾ ਜਦੋਂ ਤੱਕ ਬੋਰੀ ਉਸਦੀ ਪਿੱਠ 'ਤੇ ਨਹੀਂ ਰੱਖ ਦਿੱਤੀ ਗਈ। ਫਿਰ ਉਹ ਚੱਕੀ ਵੱਲ ਤੁਰ ਪਿਆ। ਪਰ ਅਚਾਨਕ ਉਹ ਰੁਕ ਗਿਆ। "ਹਾਏ ਰੱਬਾ! ਇਹ ਕੀ?"

ਚੱਕੀ ਵਾਲਾ ਰਸਤਾ ਇੱਕ ਦਰਿਆ ਵਿਚੋਂ ਲੰਘਦਾ ਸੀ! ਛੋਟੇ ਘੋੜੇ ਨੇ ਤੇਜ਼ ਵਗਦੇ ਪਾਣੀ ਵੱਲ ਦੇਖਿਆ। "ਕੀ ਮੈਂ ਇਸਨੂੰ ਪਾਰ ਕਰ ਸਕਾਂਗਾ?" ਉਸਨੇ ਸੋਚਿਆ। ਨੇੜੇ ਖੇਤ ਵਿੱਚ ਇੱਕ ਬਲਦ ਘਾਹ ਖਾ ਰਿਹਾ ਸੀ।

"ਬਲਦ ਜੀ! ਬਲਦ ਜੀ!" ਛੋਟੇ ਘੋੜੇ ਨੇ ਆਵਾਜ਼ ਮਾਰੀ। "ਕਿਰਪਾ ਕਰਕੇ ਦੱਸੋ, ਕੀ ਮੈਂ ਦਰਿਆ ਪਾਰ ਕਰ ਸਕਦਾ ਹਾਂ?"

"ਧਿਆਨ ਨਾਲ ਵੇਖ!" ਬਲਦ ਨੇ ਕਿਹਾ। "ਇਸ ਦਰਿਆ ਦਾ ਪਾਣੀ ਮੇਰੇ ਗੋਡਿਆਂ ਤੱਕ ਵੀ ਨਹੀਂ ਆਉਂਦਾ। ਫਿਰ ਤੇਰੇ ਲਈ ਇਹ ਕਿਵੇਂ ਉੱਚਾ ਹੋ ਸਕਦਾ ਹੈ?" ਛੋਟੇ ਘੋੜੇ ਨੇ ਹਿੰਮਤ ਕੀਤੀ ਅਤੇ ਦਰਿਆ ਵਿੱਚ ਪੈਰ ਰੱਖਿਆ। ਪਰ ਅਚਾਨਕ ਇੱਕ ਆਵਾਜ਼ ਆਈ, "ਰੁਕ! ਜਲਦੀ ਨਾ ਕਰ!"

"ਕੌਣ ਹੈ ਉੱਥੇ?" ਛੋਟੇ ਘੋੜੇ ਨੇ ਪੁੱਛਿਆ।





ਉਸਨੇ ਗਰਦਨ ਉੱਪਰ ਕੀਤੀ ਅਤੇ ਵੇਖਿਆ।

"ਓਹ! ਇਹ ਤਾਂ ਇੱਕ ਗਿਲਹਿਰੀ ਹੈ!"

ਅਤੇ ਸੱਚਮੁੱਚ! ਗਿਲਹਿਰੀ ਦਰੱਖਤ ਦੀ ਟਾਹਣੀ 'ਤੇ ਖੜੀ ਸੀ।

"ਉਸ ਬੁੱਢੇ ਬਲਦ ਦੀ ਗੱਲ ਨਾ ਸੁਣੋ!" ਉਸਨੇ ਝਿੜਕਿਆ। "ਇਹ ਦਰਿਆ ਬਹੁਤ ਹੀ ਡੂੰਘਾ ਹੈ! ਕੱਲ੍ਹ ਮੇਰਾ ਦੋਸਤ ਪਾਣੀ ਵਿੱਚ ਵਗ ਗਿਆ ਸੀ। ਉਸਦੀ ਜਾਨ ਮੁਸ਼ਕਿਲ ਨਾਲ ਬਚੀ!"

ਵਿਚਾਰਾ ਛੋਟਾ ਘੋੜਾ ਘੁੰਮ ਗਿਆ। ਕੀ ਪਾਣੀ ਡੂੰਘਾ ਸੀ ਜਾਂ ਨਹੀਂ? ਕੌਣ ਸਹੀ ਸੀ —ਗਿਲਹਿਰੀ ਜਾਂ ਬਲਦ?

"ਮੈਂ ਘਰ ਵਾਪਸ ਜਾ ਰਿਹਾ ਹਾਂ," ਉਸਨੇ ਸੋਚਿਆ। "ਮਾਂ ਮੈਨੂੰ ਦੱਸੇਗੀ ਕਿ ਕੀ ਕਰਨਾ ਹੈ।"

ਇਸ ਲਈ ਉਹ ਮੁੜ ਕੇ ਘਰ ਵਾਪਸ ਆ ਗਿਆ। ਘੋੜੇ ਦੀ ਮਾਂ ਉਸਨੂੰ ਵੇਖ ਕੇ ਹੈਰਾਨ ਹੋ ਗਈ।

"ਤੂੰ ਜਲਦੀ ਵਾਪਸ ਕਿਉਂ ਆ ਗਿਆ?" ਉਸਨੇ ਪੁੱਛਿਆ।

ਛੋਟੇ ਘੋੜੇ ਨੇ ਦਰਿਆ ਬਾਰੇ ਸਭ ਕੁਝ ਦੱਸਿਆ।

"ਪਾਣੀ ਬਹੁਤ ਤੇਜ਼ ਵਗਦਾ ਹੈ। ਮੈਂ ਦਰਿਆ ਦਾ ਤਲ ਨਹੀਂ ਵੇਖ ਸਕਦਾ, ਇਸ ਲਈ ਮੈਨੂੰ ਡਰ ਲੱਗਦਾ ਹੈ," ਉਸਨੇ ਕਿਹਾ।

“ਅੱਛਾ?” ਮਾਂ ਨੇ ਪੁੱਛਿਆ। “ਮੈਂ ਹਰ ਰੋਜ਼ ਚੱਕੀ ਜਾਂਦੀ ਹਾਂ ਅਤੇ ਹਮੇਸ਼ਾਂ ਸੁਰੱਖਿਅਤ ਵਾਪਸ ਆਉਂਦੀ ਹਾਂ।”

“ਹਾਂ ਮਾਂ, ਪਰ ਮੈਂ ਉਲਝਣ ਵਿੱਚ ਹਾਂ,” ਛੋਟੇ ਘੋੜੇ ਨੇ ਕਿਹਾ। “ਬਲਦ ਕਹਿੰਦਾ ਹੈ ਕਿ ਪਾਣੀ ਡੂੰਘਾ ਨਹੀਂ ਹੈ, ਪਰ ਗਿਲਹਿਰੀ ਕਹਿੰਦੀ ਹੈ ਕਿ ਇਹ ਬਹੁਤ ਡੂੰਘਾ ਹੈ। ਮੈਂ ਕੀ ਕਰਾਂ?”

ਘੋੜੇ ਦੀ ਮਾਂ ਮੁਸਕਰਾਈ।

“ਦੱਸੋ, ਬਲਦ ਕਿੰਨਾ ਲੰਮਾ ਹੈ? ਗਿਲਹਿਰੀ ਕਿੰਨੀ ਛੋਟੀ ਹੈ? ਅਤੇ ਤੂੰ ਕਿੰਨਾ ਵੱਡਾ ਹੈਂ?” ਉਸਨੇ ਪੁੱਛਿਆ।

“ਹੁਣ ਖੁਦ ਸੋਚ ਅਤੇ ਫੈਸਲਾ ਕਰ—ਕੀ ਤੂੰ ਦਰਿਆ ਪਾਰ ਕਰ ਸਕੇਂਗਾ?”

“ਹਾਂ!” ਛੋਟੇ ਘੋੜੇ ਨੇ ਖੁਸ਼ ਹੋ ਕੇ ਕਿਹਾ। “ਹੁਣ ਮੈਨੂੰ ਸਮਝ ਆ ਗਈ! ਦਰਿਆ ਮੇਰੇ ਲਈ ਡੂੰਘਾ ਨਹੀਂ ਹੈ!”

ਅਤੇ ਉਹ ਖੁਸ਼ੀ ਨਾਲ ਚੱਕੀ ਵੱਲ ਰਵਾਨਾ ਹੋ ਗਿਆ।

ਚੀਨ ਦੀ ਇੱਕ ਕਹਾਣੀ ‘ਤੇ ਆਧਾਰਿਤ



P. Saraswati V. Vijayakanthi
L. S. Saraswathi S. Rajalakshmi

Publisher Rajalakshmi Srinivasan Memorial Foundation
Punjabi Ramanpreet Kaur
Artist Uma Krishnaswamy

ਸਾਡਾ ਬਿੱਲਾ



ਬਾਨੂ ਅਤੇ ਵੇਨੂ ਕੋਲ ਇੱਕ ਬਿੱਲੀ ਸੀ। ਉਹ ਉਸਨੂੰ ਕਿੰਨਾ ਪਿਆਰ ਕਰਦੇ ਸਨ! ਪਰ ਇੱਕ ਦਿਨ ਉਹਨਾਂ ਦੀ ਪਿਆਰੀ ਬਿੱਲੀ ਗੁੰਮ ਹੋ ਗਈ। ਬਾਨੂ ਅਤੇ ਵੇਨੂ ਨੇ ਉਸਨੂੰ ਉਸਦੇ ਸਾਰੇ ਮਨਪਸੰਦ ਥਾਵਾਂ 'ਤੇ ਲੱਭਿਆ, ਪਰ ਉਹ ਕਿਤੇ ਵੀ ਨਹੀਂ ਮਿਲੀ।

ਤਿੰਨ ਦਿਨ ਲੰਘ ਗਏ। ਚੌਥੇ ਦਿਨ... "ਮਿਆਊਂ, ਮਿਆਊਂ!"

"ਇਹ ਆਵਾਜ਼ ਕਿੱਥੋਂ ਆ ਰਹੀ ਹੈ?" ਬਾਨੂ ਨੇ ਇੱਕ ਪੌੜੀ ਲੈ ਕੇ ਉੱਪਰ ਚੜ੍ਹ ਕੇ ਵੇਖਿਆ। "ਅਹਾ! ਵੇਨੂ, ਇੱਥੇ ਹੈ! ਸਾਡੀ ਬਿੱਲੀ ਛੱਤ ਵਾਲੇ ਕਮਰੇ ਵਿੱਚ ਹੈ!" ਉਹ ਚੀਕੀ। "ਅਤੇ ਹੋਰ ਕੀ? ਪੰਜ ਬੱਚੇ ਵੀ ਹਨ! ਆਓ ਵੇਖੋ!"

ਵੇਨੂ ਵੀ ਉੱਪਰ ਚੜ੍ਹਿਆ। ਉੱਥੇ ਉਹਨਾਂ ਦੀ ਬਿੱਲੀ ਸੀ—ਅਤੇ ਉਸਦੇ ਛੋਟੇ ਬੱਚੇ, ਜੋ ਉਸਦੇ ਨਾਲ ਲੱਗੇ ਹੋਏ ਸਨ।



ਬਾਨੂ ਅਤੇ ਵੇਨੂ ਬਹੁਤ ਖੁਸ਼ ਹੋਏ। ਉਹਨਾਂ ਨੇ ਹਰ ਆਉਣ ਵਾਲੇ ਮਹਿਮਾਨ ਨੂੰ ਬਿੱਲੀ ਦੇ ਬੱਚੇ ਦਿਖਾਏ। ਸਭ ਨੂੰ ਬਹੁਤ ਚੰਗਾ ਲੱਗਿਆ!

ਬੱਚੇ ਜਲਦੀ ਵੱਡੇ ਹੋਣ ਲੱਗੇ। ਉਹ ਇੱਧਰ-ਉੱਧਰ ਰਿੰਗਣ ਲੱਗੇ, ਖੇਡਣ ਅਤੇ ਲੜਨ ਲੱਗੇ। ਉਹ ਇਕ ਦੂਜੇ ਉੱਤੇ ਚੜ੍ਹ ਜਾਂਦੇ, ਬਰਤਨਾਂ ਵਿੱਚ ਲੁਕ ਜਾਂਦੇ ਅਤੇ ਖੇਡਦੇ ਰਹਿੰਦੇ।

ਇੱਕ ਦਿਨ ਬਾਨੂ ਦੀ ਮਾਂ ਨੇ ਕਿਹਾ, "ਇਸ ਘਰ ਵਿੱਚ ਬਹੁਤ ਜ਼ਿਆਦਾ ਬਿੱਲੀਆਂ ਹੋ ਗਈਆਂ ਹਨ!" ਉਸਨੇ ਕਿਹਾ ਕਿ ਉਹ ਇਕ ਹੀ ਬੱਚਾ ਆਪਣੇ ਕੋਲ ਰੱਖਣ ਅਤੇ ਬਾਕੀਆਂ ਨੂੰ ਦੇ ਦੇਣ। ਦਿਲ ਟੁੱਟਣ ਦੇ ਬਾਵਜੂਦ, ਉਹਨਾਂ ਨੇ ਚਾਰ ਬੱਚੇ ਆਪਣੇ ਦੋਸਤਾਂ ਨੂੰ ਦੇ ਦਿੱਤੇ। ਉਹਨਾਂ ਨੇ ਇੱਕ ਸਲੇਟੀ ਰੰਗ ਦਾ ਬੱਚਾ ਆਪਣੇ ਲਈ ਰੱਖਿਆ।

ਉਹ ਉਸਨੂੰ ਬਹੁਤ ਪਿਆਰ ਕਰਦੇ ਸਨ। ਉਹ ਉਸਨੂੰ ਸਮੇਂ-ਸਮੇਂ 'ਤੇ ਖਾਣਾ ਦਿੰਦੇ, ਤਾਜ਼ਾ ਪਾਣੀ ਰੱਖਦੇ ਅਤੇ ਕਈ ਘੰਟੇ ਉਸ ਨਾਲ ਖੇਡਦੇ। ਉਹ ਉਸਨੂੰ ਆਪਣੇ ਨਾਲ ਸੌਣ ਲਈ ਵੀ ਲੈ ਜਾਂਦੇ।

ਇੱਕ ਦਿਨ ਉਹ ਸਲੇਟੀ ਬਿੱਲੀ ਨੂੰ ਖੇਤ ਵਿੱਚ ਲੈ ਗਏ, ਜਿੱਥੇ ਘਾਹ ਦੇ ਢੇਰ ਲੱਗੇ ਹੋਏ ਸਨ। ਸੁਨਹਿਰਾ ਘਾਹ ਹਵਾ ਵਿੱਚ ਲਹਿਰਾ ਰਿਹਾ ਸੀ।

ਜਦੋਂ ਉਹਨਾਂ ਨੇ ਬਿੱਲੀ ਨੂੰ ਹੇਠਾਂ ਰੱਖਿਆ, ਉਹ ਹੌਲੀ-ਹੌਲੀ ਚੱਲਣ ਲੱਗੀ। ਇਸ ਨਵੀਂ ਥਾਂ 'ਤੇ ਕੀ ਖ਼ਤਰੇ ਹੋ ਸਕਦੇ ਸਨ? ਪਰ ਜਲਦੀ ਹੀ ਉਹ ਖੇਡਣ ਲੱਗ ਪਈ। ਉਹ ਘਾਹ ਦੇ ਢੇਰ 'ਤੇ ਚੜ੍ਹਦੀ ਅਤੇ ਫਿਰ ਹੇਠਾਂ ਫਿਸਲ ਜਾਂਦੀ।

ਉਸਨੇ ਆਪਣੇ ਪੰਜਿਆਂ ਵਿੱਚ ਘਾਹ ਦਾ ਇੱਕ ਤਣਾ ਫੜ ਲਿਆ ਅਤੇ ਇਸਨੂੰ ਘੁੰਮਾਇਆ। ਬੱਚੇ ਹੱਸਦੇ ਰਹੇ। ਹੋਰ ਬੱਚੇ ਵੀ ਆ ਗਏ ਅਤੇ ਸਭ ਮਿਲ ਕੇ ਖੇਡਣ ਲੱਗੇ।
ਕੀ ਉਹ ਥੱਕੇ? ਨਹੀਂ! ਪਰ ਹੁਣ ਘਰ ਜਾਣ ਦਾ ਸਮਾਂ ਹੋ ਗਿਆ ਸੀ।

"ਬਿੱਲੀ ਕਿੱਥੇ ਹੈ?" ਉਹਨਾਂ ਨੇ ਲੱਭਣਾ ਸ਼ੁਰੂ ਕੀਤਾ, ਪਰ ਸਲੇਟੀ ਬਿੱਲੀ ਕਿਤੇ ਵੀ ਨਹੀਂ ਮਿਲੀ। ਬਾਨੂ ਅਤੇ ਵੇਨੂ ਰੋਣ ਲੱਗ ਪਏ। "ਵਿਚਾਰੀ ਬਿੱਲੀ! ਉਸਨੂੰ ਕੌਣ ਖਾਣਾ ਦੇਵੇਗਾ? ਉਹ ਕਿੱਥੇ ਸੌਂਦੀ ਹੋਵੇਗੀ? ਉਹ ਆਪਣੇ ਆਪ ਨੂੰ ਗਰਮ ਕਿਵੇਂ ਰੱਖੇਗੀ?"

ਘਰ ਆ ਕੇ ਵੀ ਉਹ ਚਿੰਤਾ ਕਰਦੇ ਰਹੇ। ਉਹਨਾਂ ਦੀ ਮਾਂ ਨੇ ਉਹਨਾਂ ਨੂੰ ਸਮਝਾਇਆ, "ਤੁਹਾਡੀ ਬਿੱਲੀ ਵਾਪਸ ਆ ਜਾਵੇਗੀ!"



ਬੱਚੇ ਪੜ੍ਹਾਈ ਕਰਨ ਬੈਠੇ, ਪਰ ਉਹਨਾਂ ਦਾ ਧਿਆਨ ਬਿੱਲੀ 'ਤੇ ਹੀ ਸੀ। ਅਚਾਨਕ ਇੱਕ ਕੋਨੇ ਵਿੱਚ ਇੱਕ ਟੋਪੀ ਹਿਲਣ ਲੱਗੀ।

"ਹਾਏ! ਟੋਪੀ ਤੁਰ ਰਹੀ ਹੈ!" ਬਾਨੂ ਚੀਕੀ। ਉਹ ਦੋਵੇਂ ਆਪਣੀ ਮਾਂ ਕੋਲ ਦੌੜੇ। ਉਹਨਾਂ ਨੇ ਧਿਆਨ ਨਾਲ ਵੇਖਿਆ। ਮਾਂ ਮੁਸਕਰਾਈ।

"ਇਹ ਕੀ ਹੈ? ਮੈਨੂੰ ਟੋਪੀ ਦੇ ਪਿੱਛੇ ਕੁਝ ਸਲੇਟੀ ਦਿਖ ਰਿਹਾ ਹੈ!" ਉਸਨੇ ਕਿਹਾ। ਇੱਕ ਸਲੇਟੀ ਪੂੰਛ ਹੌਲੀ-ਹੌਲੀ ਹਿਲ ਰਹੀ ਸੀ। "ਓਹ! ਇਹ ਤਾਂ ਸਾਡੀ ਬਿੱਲੀ ਹੈ!" ਬਾਨੂ ਨੇ ਕਿਹਾ। ਉਸਨੇ ਟੋਪੀ ਹਟਾਈ ਅਤੇ ਬਿੱਲੀ ਨੂੰ ਚੁੱਕ ਕੇ ਗਲੇ ਲਾ ਲਿਆ।

"ਤੂੰ ਇੱਥੇ ਲੁਕ ਕੇ ਬੈਠੀ ਸੀ?" ਉਹ ਪਿਆਰ ਨਾਲ ਬੋਲੀ। "ਅਸੀਂ ਤੈਨੂੰ ਕਿੰਨਾ ਲੱਭਿਆ!" ਵੇਨੂ ਨੇ ਬਿੱਲੀ ਨੂੰ ਹੌਲੀ ਨਾਲ ਆਪਣੇ ਹੱਥਾਂ ਵਿੱਚ ਲਿਆ ਅਤੇ ਕਿਹਾ, "ਚੰਗਾ ਹੋਇਆ ਤੂੰ ਗੁੰਮ ਨਹੀਂ ਹੋਈ!"

ਰੂਸ ਦੀ ਇੱਕ ਕਹਾਣੀ 'ਤੇ ਆਧਾਰਿਤ



© Katha Jharna 2008

Publisher Rajalakshmi Srinivasan Memorial Foundation

P. Saraswati V. Vijayakanthi

L. S. Saraswathi S. Rajalakshmi

Punjabi Ramanpreet Kaur

Artist S. P. Raju

ਜਾਦੂਈ ਢੋਲ

ਬਹੁਤ ਸਮਾਂ ਪਹਿਲਾਂ ਜਪਾਨ ਵਿੱਚ ਜੇਨਕੋਰਾ ਨਾਮ ਦਾ ਇੱਕ ਮੁੰਡਾ ਰਹਿੰਦਾ ਸੀ। ਜੇਨਕੋਰਾ ਕੋਲ ਇੱਕ ਜਾਦੂਈ ਡਰੱਮ ਸੀ।

ਜਦੋਂ ਉਹ ਡਰੱਮ ਦੇ ਇੱਕ ਪਾਸੇ ਨੂੰ ਵਜਾਉਂਦਾ ਅਤੇ ਕਹਿੰਦਾ, "ਲੰਮਾ ਨੱਕ, ਲੰਮਾ ਨੱਕ!" ਤਾਂ ਉਸਦਾ ਨੱਕ ਲੰਮਾ ਹੋ ਜਾਂਦਾ ਸੀ। ਜਦੋਂ ਉਹ ਦੂਜੇ ਪਾਸੇ ਨੂੰ ਵਜਾਉਂਦਾ ਅਤੇ ਕਹਿੰਦਾ, "ਛੋਟਾ ਨੱਕ, ਛੋਟਾ ਨੱਕ!" ਤਾਂ ਉਸਦਾ ਨੱਕ ਛੋਟਾ ਹੋ ਜਾਂਦਾ ਸੀ।

ਬਹੁਤ ਸਾਰੇ ਲੋਕ ਆਪਣੇ ਨੱਕ ਬਦਲਵਾਉਣ ਲਈ ਜੇਨਕੋਰਾ ਕੋਲ ਆਉਂਦੇ ਸਨ। ਅਤੇ ਉਹ ਖੁਸ਼ੀ ਨਾਲ ਉਨ੍ਹਾਂ ਦੀ ਮਦਦ ਕਰਦਾ ਸੀ।

ਜੇ ਕੋਈ ਲੰਮਾ ਨੱਕ ਮੰਗਦਾ, ਤਾਂ ਉਹ ਡਰੱਮ ਦੇ ਉਸ ਪਾਸੇ ਨੂੰ ਵਜਾਉਂਦਾ ਅਤੇ ਕਹਿੰਦਾ, "ਲੰਮਾ ਨੱਕ, ਲੰਮਾ ਨੱਕ!" ਜੇ ਕੋਈ ਛੋਟਾ ਨੱਕ ਮੰਗਦਾ, ਤਾਂ ਉਹ ਦੂਜੇ ਪਾਸੇ ਨੂੰ ਵਜਾਉਂਦਾ ਅਤੇ ਕਹਿੰਦਾ, "ਛੋਟਾ ਨੱਕ, ਛੋਟਾ ਨੱਕ!" ਉਹ ਤਦ ਤੱਕ ਵਜਾਉਂਦਾ ਰਹਿੰਦਾ ਜਦ ਤੱਕ ਉਹ ਵਿਅਕਤੀ ਨਾ ਕਹਿੰਦਾ, "ਰੁਕੋ!"




ਕਈ ਵਾਰ ਕੋਈ ਵਿਅਕਤੀ “ਰੁਕੋ!” ਕਹਿਣਾ ਭੁੱਲ ਜਾਂਦਾ ਸੀ। ਫਿਰ ਜੇਨਕੋਰਾ—ਇੱਕ ਸ਼ਰਾਰਤੀ ਬੱਚਾ—ਡਰੱਮ ਵਜਾਉਂਦਾ ਹੀ ਰਹਿੰਦਾ ਸੀ। ਇੱਕ ਵਿਅਕਤੀ ਦਾ ਨੱਕ ਤਾਂ ਡਰੱਮ ਦੀ ਸੋਟੀ ਤੋਂ ਵੀ ਲੰਮਾ ਹੋ ਗਿਆ!

ਇੱਕ ਦਿਨ ਜੇਨਕੋਰਾ ਨੇ ਸੋਚਿਆ, “ਮੇਰਾ ਨੱਕ ਕਿੰਨਾ ਲੰਮਾ ਹੋ ਸਕਦਾ ਹੈ?” ਉਸਨੇ ਡਰੱਮ ਦੇ ਇੱਕ ਪਾਸੇ ਨੂੰ ਵਜਾਉਂਦਿਆਂ ਕਿਹਾ, “ਲੰਮਾ ਨੱਕ, ਲੰਮਾ ਨੱਕ!” ਜਲਦੀ ਹੀ ਉਸਦਾ ਨੱਕ ਉਸਦੇ ਬਾਂਹ ਜਿੰਨਾ ਲੰਮਾ ਹੋ ਗਿਆ!

ਪਰ ਜੇਨਕੋਰਾ ਰੁਕਿਆ ਨਹੀਂ। ਉਹ ਜ਼ਮੀਨ ‘ਤੇ ਲੇਟ ਗਿਆ ਅਤੇ ਡਰੱਮ ਵਜਾਉਂਦਾ ਰਿਹਾ।

“ਲੰਮਾ ਨੱਕ, ਲੰਮਾ ਨੱਕ!” ਉਸਦਾ ਨੱਕ ਦਰੱਖਤ ਜਿੰਨਾ ਲੰਮਾ ਹੋ ਗਿਆ।

“ਲੰਮਾ ਨੱਕ, ਲੰਮਾ ਨੱਕ!” ਉਸਦਾ ਨੱਕ ਪਹਾੜਾਂ ਤੋਂ ਵੀ ਉੱਚਾ ਹੋ ਗਿਆ।



"ਲੰਮਾ ਨੱਕ, ਲੰਮਾ ਨੱਕ!" ਜੇਨਕੋਰਾ ਦਾ ਨੱਕ ਆਕਾਸ਼ ਵਿੱਚ ਚੜ੍ਹ ਗਿਆ।

ਉੱਥੇ ਆਕਾਸ਼ ਵਿੱਚ, ਆਕਾਸ਼ ਦੇ ਮਿਸਤਰੀ ਇੱਕ ਪੁਲ ਬਣਾ ਰਹੇ ਸਨ। ਉਹਨਾਂ ਨੇ ਜੇਨਕੋਰਾ ਦੇ ਨੱਕ ਦੇ ਸਿਰੇ ਨੂੰ ਪੁਲ ਦੇ ਕਿਨਾਰੇ ਕਿੱਲ ਮਾਰ ਦਿੱਤਾ ਅਤੇ ਚਲੇ ਗਏ!

ਜੇਨਕੋਰਾ ਦਾ ਨੱਕ ਵਧਣਾ ਰੁਕ ਗਿਆ। ਉਹ ਹਾਲੇ ਵੀ ਡਰੱਮ ਵਜਾਉਂਦਾ ਅਤੇ ਕਹਿੰਦਾ, "ਲੰਮਾ ਨੱਕ, ਲੰਮਾ ਨੱਕ!" ਪਰ ਉਸਦੇ ਨੱਕ ਦਾ ਸਿਰਾ ਪੁਲ ਨਾਲ ਹੀ ਜੁੜਿਆ ਰਹਿ ਗਿਆ।

ਫਿਰ ਜੇਨਕੋਰਾ ਨੇ ਸੋਚਿਆ ਅਤੇ ਕਿਹਾ, "ਛੋਟਾ ਨੱਕ, ਛੋਟਾ ਨੱਕ!" ਅਤੇ ਡਰੱਮ ਦੇ ਦੂਜੇ ਪਾਸੇ ਨੂੰ ਵਜਾਇਆ।



ਹੁਣ ਉਸਦੀ ਨੱਕ ਛੋਟੀ ਹੋਣ ਲੱਗੀ। ਪਰ ਸਿਰਾ ਹੇਠਾਂ ਨਹੀਂ ਆਇਆ! ਜੇਨਕੋਰਾ ਅਤੇ ਉਸਦਾ ਢੋਲ ਹੌਲੀ-ਹੌਲੀ ਉੱਠੇ, ਹੌਲੀ-ਹੌਲੀ ਅਸਮਾਨ ਵੱਲ!

ਜੇਨਕੋਰਾ ਅਸਮਾਨ ਪੁਲ 'ਤੇ ਪਹੁੰਚ ਗਿਆ। ਉਸਨੇ ਆਪਣੀ ਨੱਕ ਵਿੱਚੋਂ ਕਿੱਲ ਕੱਢ ਲਈ। ਇੱਕ ਪਲ ਲਈ ਉਹ ਹਵਾ ਵਿੱਚ ਤੈਰ ਰਿਹਾ ਸੀ... ਫਿਰ ਉਹ ਡਿੱਗਣ ਲੱਗਾ - ਅਸਮਾਨ ਵਿੱਚੋਂ, ਪਹਾੜਾਂ ਤੋਂ ਪਾਰ, ਦਰੱਖਤਾਂ ਤੋਂ ਪਾਰ...

ਅਸਮਾਨ ਪੁਲ ਦੇ ਹੇਠਾਂ ਇੱਕ ਮੱਛੀ-ਤਲਾਅ ਪਿਆ ਸੀ। ਛਿੱਟੇ! ਜੇਨਕੋਰਾ ਤਲਾਅ ਵਿੱਚ ਡਿੱਗ ਪਿਆ। ਉਹ ਹੇਠਾਂ ਡੁੱਬ ਗਿਆ। ਉਸਦੇ ਆਲੇ-ਦੁਆਲੇ ਚਮਕਦਾਰ ਰੰਗ ਦੀਆਂ ਮੱਛੀਆਂ ਸਨ। ਉਹ ਉਤਸੁਕਤਾ ਨਾਲ ਉਸਦੇ ਵੱਲ ਤੈਰਦੀਆਂ ਸਨ।

ਜੇਨਕੋਰਾ ਦਾ ਢੋਲ ਉਸਦੇ ਹੱਥਾਂ ਤੋਂ ਡਿੱਗ ਪਿਆ। ਉਸਦਾ ਸਰੀਰ ਬਦਲ ਰਿਹਾ ਸੀ! ਉਸਦੇ ਹੱਥ ਖੰਭ ਬਣ ਗਏ! ਉਸਦੇ ਪੈਰ ਇੱਕ ਪੂਛ ਵਿੱਚ ਇਕੱਠੇ ਹੋ ਗਏ! ਉਸਨੇ ਤੈਰਨਾ ਸ਼ੁਰੂ ਕਰ ਦਿੱਤਾ

ਅੱਜ ਤੱਕ, ਉਸ ਤਲਾਅ ਵਿੱਚ ਮੱਛੀਆਂ ਨੂੰ "ਜੇਨਕੋਰਾ ਮੱਛੀ" ਕਿਹਾ ਜਾਂਦਾ ਹੈ।

ਇੱਕ ਜਪਾਨੀ ਲੋਕ ਕਹਾਣੀ



Publisher Rajalakshmi Srinivasan Memorial Foundation

P. Saraswati V. Vijayakanthi

Punjabi Ramanpreet Kaur

L. S. Saraswathi S. Rajalakshmi

Artist Uma Krishnaswamy

ਏਝੁਮਲਾਈ ਕਵੀ

ਏਝੁਮਲਾਈ ਕਲਪਨਾ ਦੀ ਦੁਨੀਆ ਵਿੱਚ ਰਹਿੰਦਾ ਸੀ। ਉਹ ਖਿੜਕੀ ਕੋਲ ਬੈਠ ਕੇ ਘੰਟਿਆਂ ਬਾਹਰ ਤੱਕਦਾ ਰਹਿੰਦਾ ਸੀ। ਜੇ ਕੋਈ ਪੁੱਛਦਾ, “ਤੂੰ ਕੀ ਕਰ ਰਿਹਾ ਹੈਂ, ਏਝੁਮਲਾਈ?” ਤਾਂ ਉਹ ਕਵਿਤਾ ਵਿੱਚ ਜਵਾਬ ਦਿੰਦਾ:

ਤਿਤਲੀ ਉੱਡਦੀ ਵੇਖੋ ਜਰਾ!
ਚੂਹੇ ਦੌੜਦੇ ਨੇ—ਪਰ ਮਜ਼ੇ ਲਈ ਨਹੀਂ!

ਹੋਰ ਮੁੰਡੇ ਉਸਦਾ ਮਜ਼ਾਕ ਉਡਾਉਂਦੇ ਸਨ। “ਲੋ ਆ ਗਿਆ ਏਝੁਮਲਾਈ ਕਵੀ!” ਉਹ ਕਹਿੰਦੇ। ਪਰ ਉਹ ਕਦੇ ਵੀ ਸ਼ਬਦਾਂ ਨਾਲ ਤਸਵੀਰਾਂ ਬਣਾਉਣ ਤੋਂ ਨਹੀਂ ਥੱਕਦਾ ਸੀ।



ਇੱਕ ਦਿਨ ਏਝੁਮਲਾਈ ਆਪਣੀ ਦਾਦੀ ਨੂੰ ਮਿਲਣ ਗਿਆ। ਰਾਹ ਦੇ ਦੋਨੋਂ ਪਾਸੇ ਦਰੱਖਤ, ਬਾਗ ਅਤੇ ਪੰਛੀ ਸਨ... ਆਹ! ਕਿੰਨਾ ਸੋਹਣਾ ਨਜ਼ਾਰਾ!

ਉਹ ਇਕ ਤਾੜ ਦੇ ਦਰੱਖਤ ਕੋਲੋਂ ਲੰਘਿਆ। ਤੁਰੰਤ ਉਹ ਗਾਉਣ ਲੱਗਾ:

ਲੰਮਾ ਤਾੜ ਖੜ੍ਹਾ ਖੜ੍ਹਾ, ਤ੍ਰਾ ਲਾ!

ਉਹ ਅੱਗੇ ਵਧਿਆ। ਓਹ! ਉੱਥੇ ਇਕ ਉੱਲੂ ਸੀ! ਏਝੁਮਲਾਈ ਗਾਇਆ:

ਵੱਡੀਆਂ ਅੱਖਾਂ ਵਾਲਾ ਉੱਲੂ ਤੱਕਦਾ ਤੱਕਦਾ, ਤ੍ਰਾ ਲਾ!

ਅਚਾਨਕ ਉਹ ਬਹੁਤ ਉਤਸ਼ਾਹਿਤ ਹੋ ਗਿਆ। ਉਹ ਗਾਇਆ:

ਲੰਮਾ ਤਾੜ ਖੜ੍ਹਾ ਖੜ੍ਹਾ, ਤ੍ਰਾ ਲਾ!
ਵੱਡੀਆਂ ਅੱਖਾਂ ਵਾਲਾ ਉੱਲੂ ਤੱਕਦਾ ਤੱਕਦਾ, ਤ੍ਰਾ ਲਾ!



ਥੋੜ੍ਹਾ ਅੱਗੇ ਜਾ ਕੇ ਉਸਨੇ ਇੱਕ ਕੁੱਤੇ ਨੂੰ ਮਿੱਟੀ ਪੁਟੱਦੇ ਵੇਖਿਆ। ਉਹ ਜੰਗਲੀ ਜਾਨਵਰ—ਗਿੱਧੜ ਵਰਗਾ ਲੱਗਦਾ ਸੀ!

ਚਾਲਾਕ ਗਿੱਧੜ ਪੁਟੱਦਾ ਪੁਟੱਦਾ ਤ੍ਰਾ ਲਾ, ਤ੍ਰਾ ਲਾ!

ਕਿੰਨੀ ਹੈਰਾਨੀ !ਏਝੁਮਲਾਈ ਦੀਆਂ ਕਵਿਤਾਵਾਂ ਆਪਣੇ ਆਪ ਹੀ ਨਿਕਲ ਰਹੀਆਂ ਸਨ।

ਲੰਮਾ ਤਾੜ ਖੜ੍ਹਾ ਖੜ੍ਹਾ, ਤ੍ਰਾ ਲਾ!
ਵੱਡੀਆਂ ਅੱਖਾਂ ਵਾਲਾ ਉੱਲੂ ਤੱਕਦਾ ਤੱਕਦਾ, ਤ੍ਰਾ ਲਾ!
ਚਾਲਾਕ ਗਿੱਧੜ ਪੁਟੱਦਾ ਪੁਟੱਦਾ, ਤ੍ਰਾ ਲਾ, ਤ੍ਰਾ ਲਾ!

ਉਹ ਤੁਰਦਾ ਗਿਆ ਅਤੇ ਗਾਉਂਦਾ ਗਿਆ। ਆਖਿਰਕਾਰ ਉਹ ਆਪਣੀ ਦਾਦੀ ਦੇ ਪਿੰਡ ਪਹੁੰਚ ਗਿਆ।

ਰਾਤ ਹੋ ਗਈ ਸੀ। ਪਿੰਡ ਸ਼ਾਂਤ ਸੀ। ਓਹ ਨਹੀਂ! ਉਸਦੀ ਦਾਦੀ ਦਾ ਘਰ ਤਾਲਾਬੰਦ ਅਤੇ ਖਾਲੀ ਸੀ! ਏਝੁਮਲਾਈ ਚਿੰਤਤ ਹੋ ਗਿਆ। ਪਰ ਹੁਣ ਕੀ ਕਰੇ? ਉਸਨੇ ਇੱਧਰ-ਉੱਧਰ ਦੇਖਿਆ ਕਿ ਕਿੱਥੇ ਉਡੀਕ ਕਰੇ।

ਨਜ਼ਦੀਕ ਇੱਕ ਘਰ ਸੀ ਜਿਸਦਾ ਵੱਡਾ ਵਰਾਂਡਾ ਸੀ। ਏਝੁਮਲਾਈ ਦਰਵਾਜ਼ੇ ਕੋਲ ਲੇਟ ਗਿਆ। ਉਸਨੇ ਅੱਖਾਂ ਬੰਦ ਕਰ ਲਈਆਂ...

...ਅਚਾਨਕ ਉਹ ਡਰ ਕੇ ਜਾਗ ਪਿਆ! ਇਹ ਆਵਾਜ਼ ਕੀ ਸੀ?!

ਉਸਨੇ ਖਿੜਕੀ ਵਿੱਚੋਂ ਝਾਤ ਮਾਰੀ ਤੇ ਦੋ ਲੰਬੀਆਂ ਲੱਤਾਂ ਵੇਖੀਆਂ! ਨੀਂਦ ਦੇ ਅਸਰ ਵਿੱਚ ਉਸਨੇ ਸੋਚਿਆ ਕਿ ਇਹ ਤਾੜ ਦੇ ਦਰੱਖਤ ਹਨ! ਇਸ ਲਈ ਉਹ ਗਾਉਣ ਲੱਗਾ:

ਲੰਮਾ ਤਾੜ ਖੜਾ ਖੜਾ, ਤ੍ਰਾ ਲਾ!

ਚੋਰ ਨੇ ਗਾਉਣ ਦੀ ਆਵਾਜ਼ ਸੁਣੀ। ਉਹ ਤੱਕਦਾ ਰਿਹਾ ਪਰ ਗਾਉਣ ਵਾਲਾ ਨਹੀਂ ਦਿੱਸਿਆ।

ਏਝੁਮਲਾਈ ਨੇ ਫਿਰ ਗਾਇਆ:

ਵੱਡੀਆਂ ਅੱਖਾਂ ਵਾਲਾ ਉੱਲੂ ਤੱਕਦਾ ਤੱਕਦਾ, ਤ੍ਰਾ ਲਾ!

“ਕੋਈ ਆ ਰਿਹਾ ਹੈ!” ਚੋਰ ਨੇ ਸੋਚਿਆ। “ਮੈਨੂੰ ਆਪਣਾ ਮਾਲ ਲੁਕਾਉਣਾ ਚਾਹੀਦਾ ਹੈ!” ਉਹ ਬਾਹਰ ਦੌੜਿਆ ਅਤੇ ਮਿੱਟੀ ਵਿੱਚ ਖੱਡਾ ਖੋਦਣ ਲੱਗਾ।

ਏਝੁਮਲਾਈ ਗਾਇਆ:

ਚਾਲਾਕ ਗਿੱਧੜ ਪੁਟੱਦਾ ਪੁਟੱਦਾ, ਤ੍ਰਾ ਲਾ, ਤ੍ਰਾ ਲਾ!



ਚੋਰ ਡਰ ਗਿਆ! ਉਹ ਘਬਰਾਹਟ ਵਿੱਚ ਚਾਰੋਂ ਪਾਸੇ ਵੇਖਣ ਲੱਗਾ। ਫਿਰ ਉਸਨੇ ਆਪਣੇ ਸਾਜ਼ੋ-ਸਾਮਾਨ ਅਤੇ ਚੋਰੀ ਦਾ ਸਮਾਨ ਛੱਡ ਦਿੱਤਾ ਅਤੇ ਭੱਜ ਗਿਆ!

ਤੁਰੰਤ ਹੀ ਏਝੁਮਲਾਈ ਚੀਖਿਆ, "ਚੋਰ! ਚੋਰ!" ਲੋਕ ਦੌੜ ਕੇ ਆ ਗਏ। ਉਹਨਾਂ ਨੇ ਸਾਜ਼ੋ-ਸਾਮਾਨ ਅਤੇ ਸਮਾਨ ਵੇਖਿਆ। ਉਹਨਾਂ ਨੂੰ ਸਾਰੀ ਗੱਲ ਸਮਝ ਆ ਗਈ। ਉਹਨਾਂ ਨੇ ਏਝੁਮਲਾਈ ਦੀ ਵਾਹ-ਵਾਹ ਕੀਤੀ। "ਤੂੰ ਸਾਨੂੰ ਬਚਾ ਲਿਆ! ਹੁਰਰੇ! ਹੁਰਰੇ!"

ਉਸ ਦਿਨ ਤੋਂ ਬਾਅਦ, ਹਰ ਕੋਈ ਏਝੁਮਲਾਈ ਦੀਆਂ ਕਵਿਤਾਵਾਂ ਸੁਣਨਾ ਚਾਹੁੰਦਾ ਸੀ।

ਤਮਿਲ ਨਾਡੂ ਦੀ ਇੱਕ ਲੋਕ ਕਹਾਣੀ ਦਾ ਅਨੁਵਾਦ



Publisher Rajalakshmi Srinivasan Memorial Foundation

P. Saraswati V. Vijayakanthi

L. S. Saraswathi S. Rajalakshmi

Punjabi Ramanpreet Kaur

Artist S. P. Raju